

# ਪਰਮੇਸ਼ੁਰ ਇੱਕ
# ਭਲਾ ਪਰਮੇਸ਼ੁਰ ਹੈ

ਆਸ਼ਿਸ਼ ਰਾਏਚੂਰ

## ਮੁਫ਼ਤ ਵੰਡਣ ਦੇ ਲਈ

ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰੀਚ ਬੈਂਗਲੋਰ, ਭਾਰਤ ਵੱਲੋਂ ਛਾਪੀ ਅਤੇ ਵੰਡੀ ਗਈ।
ਮੌਜੂਦਾ ਸੰਸਕਰਣ: 2023

## ਸੰਪਰਕ ਕਰਨ ਦੇ ਲਈ ਜਾਣਕਾਰੀ

All Peoples Church & World Outreach,
# 319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

Phone: +91-80-25452617
Email: **bookrequest@apcwo.org**
Website: **apcwo.org**

ਇਸ ਕਿਤਾਬ ਵਿੱਚ ਇਸਤੇਮਾਲ ਕੀਤੇ ਗਏ ਬਾਈਬਲ ਦੇ ਹਵਾਲੇ ਬਾਈਬਲ ਸੋਸਾਇਟੀ ਆਫ਼ ਇੰਡੀਆ ਦੇ ਪੁਰਾਣੇ ਸੰਸਕਰਣ ਤੋਂ ਇਜਾਜ਼ਤ ਲੈ ਕੇ ਵਰਤੇ ਗਏ ਹਨ। ਕਾਪੀਰਾਈਟ © 2006 ਸਾਰੇ ਅਧਿਕਾਰ ਰਾਖਵੇਂ ਹਨ।

## ਵਿੱਤੀ ਸਾਂਝੇਦਾਰੀ

ਇਸ ਪ੍ਰਕਾਸ਼ਨ ਨੂੰ ਮੁਫਤ ਵੰਡਣ ਦਾ ਕੰਮ ਆਲ ਪੀਪਲਜ਼ ਚਰਚ ਦੇ ਮੈਂਬਰਾਂ, ਸਾਂਝੇਦਾਰਾਂ ਅਤੇ ਦੋਸਤਾਂ ਦੇ ਵਿੱਤੀ ਸਹਿਯੋਗ ਨਾਲ ਸੰਭਵ ਹੋ ਪਾਇਆ ਹੈ। ਜੇ ਤੁਸੀਂ ਇਸ ਪ੍ਰਕਾਸ਼ਨ ਦੇ ਮੁਫ਼ਤ ਵੰਡੇ ਜਾਣ ਦੁਆਰਾ ਬਰਕਤ ਪਾਈ ਹੈ, ਤਾਂ ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਤੁਸੀਂ ਵੀ ਆਲ ਪੀਪਲਜ਼ ਚਰਚ ਦੇ ਇਸ ਪ੍ਰਕਾਸ਼ਨ ਦੀ ਮੁਫ਼ਤ ਛਪਾਈ ਅਤੇ ਇਸਦੇ ਵੰਡੇ ਜਾਣ ਵਿੱਚ ਸਹਿਯੋਗੀ ਬਣੋ। ਆਪਣਾ ਸਹਿਯੋਗ ਦੇਣ ਲਈ, ਕਿਰਪਾ ਕਰਕੇ **apcwo.org/give** ਜਾਂ ਇਸ ਕਿਤਾਬ ਦੇ ਆਖ਼ਰੀ ਪੰਨੇ ਉੱਤੇ ਦਿੱਤੇ ਗਏ ਪਤੇ "ਆਲ ਪੀਪਲਜ਼ ਚਰਚ ਨਾਲ ਸੰਪਰਕ ਕਰਕੇ ਸਹਿਭਾਗੀ ਬਣੋ।" ਤੁਹਾਡਾ ਧੰਨਵਾਦ ਹੋਵੇ!

## ਮੁਫ਼ਤ ਸਾਧਨਾਂ ਸੰਬੰਧੀ ਵੈੱਬਸਾਈਟਾਂ

**ਪ੍ਰਚਾਰ:** apcwo.org/sermons | **ਪੁਸਤਕਾਂ:** apcwo.org/books | **ਚਰਚ ਐਪ:** apcwo.org/app
**ਬਾਈਬਲ ਕਾਲਜ:** apcbiblecollege.org | **ਈ–ਲਰਨਿੰਗ:** apcbiblecollege.org /elearn
**ਕਾਊਂਸਲਿੰਗ:** chrysalislife.org | **ਸੰਗੀਤ:** apcmusic.org
**ਸੇਵਕਾਂ ਦੀ ਸੰਗਤੀ:** pamfi.org | **ਏ ਪੀ ਸੀ ਵਰਲਡ ਮਿਸ਼ਨਾਂ:** apcworldmissions.org

(Punjabi - God is a good God)

# ਪਰਮੇਸ਼ਰ ਇੱਕ
# ਭਲਾ ਪਰਮੇਸ਼ਰ ਹੈ

# ਵਿਸ਼ਾ-ਸੂਚੀ


1. ਪਰਮੇਸ਼ੁਰ ਦੇ ਬਾਰੇ ਵਿੱਚ ਸਾਡੀ ਤਸਵੀਰ 1

2. ਪਰਮੇਸ਼ੁਰ ਦੀ ਸੱਚੀ ਤਸਵੀਰ ਪ੍ਰਤੱਖ ਹੈ 2

3. ਪਰਮੇਸ਼ੁਰ ਦੇ ਬਾਰੇ ਮਹੱਤਵਪੂਰਣ ਸੱਚਾਈਆਂ 5

4. ਪਰਮੇਸ਼ੁਰ ਇੱਕ ਭਲਾ ਪਰਮੇਸ਼ੁਰ ਹੈ 8

5. ਯਿਸੂ ਮਸੀਹ—ਅਲੱਖ ਪਰਮੇਸ਼ੁਰ ਦਾ ਸੱਚਾ ਸਰੂਪ 11

# 1
# ਪਰਮੇਸ਼ੁਰ ਦੇ ਬਾਰੇ ਵਿੱਚ ਸਾਡੀ ਤਸਵੀਰ

ਪਰਮੇਸ਼ੁਰ ਦੀ ਤਸਵੀਰ ਸਾਡੇ ਵੱਖ-ਵੱਖ ਸਰੋਤਾਂ ਦੁਆਰਾ "ਵਿਕਸਿਤ" ਕੀਤੀ ਜਾਂਦੀ ਹੈ—ਦੂਸਰੇ ਲੋਕਾਂ ਨੇ ਪਰਮੇਸ਼ੁਰ ਬਾਰੇ ਕੀ ਕਿਹਾ ਹੈ, ਸਾਡੇ ਤਜੁਰਬਿਆਂ, ਵਿਚਾਰਾਂ, ਅਧਿਐਨ, ਵਿਸ਼ਲੇਸ਼ਣਾਂ ਆਦਿ ਦੇ ਨਤੀਜੇ। ਪਰ ਇਹ ਸਾਰੀਆਂ ਗੱਲਾਂ ਸਹੀ ਨਹੀਂ ਹੋ ਅਧੀਐਨ। ਉਦਾਹਰਨ ਲਈ, ਬੀਮਾ ਕੰਪਨੀਆਂ ਅਕਸਰ ਅਚਾਨਕ ਆਉਣ ਵਾਲੀ ਤਬਾਹੀ ਨੂੰ ਖਰਾਬ ਮੌਸਮ ਨਾਲ ਜੋੜਦੀਆਂ ਹਨ—ਭੁਚਾਲ, ਚੱਕਰਵਾਤ ਅਤੇ ਗੰਭੀਰ ਤੂਫਾਨ—ਉਹ ਇਹਨਾਂ ਨੂੰ "ਪਰਮੇਸ਼ੁਰ ਦੇ ਕੰਮ" ਕਹਿੰਦੇ ਹਨ। ਜਦੋਂ ਅਸੀਂ ਇਸ ਕਿਸਮ ਦੀ ਗੱਲਬਾਤ ਸੁਣਦੇ ਹਾਂ, ਤਾਂ ਅਸੀਂ ਪਰਮੇਸ਼ੁਰ ਬਾਰੇ ਗਲਤ ਸਮਝ ਪੈਦਾ ਕਰਦੇ ਹਾਂ। ਅਸੀਂ ਸਮਝਣਾ ਸ਼ੁਰੂ ਕਰ ਦਿੰਦੇ ਹਾਂ ਕਿ ਇਹ ਪਰਮੇਸ਼ੁਰ ਹੀ ਹੈ ਜੋ ਸਮੇਂ-ਸਮੇਂ 'ਤੇ ਚੱਕਰਵਾਤ, ਭੂਚਾਲ ਅਤੇ ਹੋਰ ਆਫ਼ਤਾਂ ਲੈ ਕੇ ਆਉਂਦਾ ਹੈ।

ਹਾਲਾਂਕਿ ਲੰਬੇ ਸਮੇਂ ਦੇ ਛੁਡਾਏ ਅਤੇ ਇੱਕ ਮਸੀਹੀ ਹੋਣ ਦੇ ਬਾਵਜੂਦ ਵੀ, ਪਰਮੇਸ਼ੁਰ ਬਾਰੇ ਸਾਡੀ ਤਸਵੀਰ ਧੁੰਦਲੀ, ਅਧੂਰੀ ਅਤੇ ਗਲਤ ਹੈ। ਸਾਡੇ ਕੋਲ ਪਰਮੇਸ਼ੁਰ ਦੀ ਇੱਕ ਸੰਪੂਰਨ ਤਸਵੀਰ ਨਹੀਂ ਹੈ। ਅਤੀਤ ਤਜ਼ੁਰਬਿਆਂ ਦੇ ਅਧਾਰ 'ਤੇ ਅਸੀਂ ਪਰਮੇਸ਼ੁਰ ਦੇ ਬਾਰੇ ਬੁਹਤ ਪੱਖਪਾਤੀ ਵਿਚਾਰ ਬਾਰੇ ਸਹੀ ਧਾਰਨਾਵਾਂ ਅਤੇ ਗਲਤ ਧਾਰਨਾਵਾਂ ਰੱਖਦੇ ਹਾਂ ਕਿ ਪਰਮੇਸ਼ੁਰ ਕੌਣ ਹੈ, ਉਹ ਕੀ ਕਰਦਾ ਹੈ ਅਤੇ ਉਹ ਕਿਵੇਂ ਕੰਮ ਕਰਦਾ ਹੈ। ਕਈ ਵਾਰ ਧਾਰਮਿਕ ਸਥਾਨਾਂ ਅਤੇ ਧਾਰਮਿਕ ਪੁਸਤਕਾਂ ਵਿੱਚ ਅਸੀਂ ਜੋ ਪੜ੍ਹਿਆ ਹੈ, ਉਹ ਵੀ ਪਰਮੇਸ਼ੁਰ ਨੂੰ ਗਲਤ ਢੰਗ ਨਾਲ ਪੇਸ਼ ਕਰਦਾ ਹੈ ਅਤੇ ਨਤੀਜੇ ਵਜੋਂ ਸਾਡੇ ਕੋਲ ਪਰਮੇਸ਼ੁਰ ਦੀ ਗਲਤ ਤਸਵੀਰ ਹੁੰਦੀ ਹੈ। ਅਸੀਂ ਸ਼ਾਇਦ ਸੋਚੀਏ ਕਿ ਅਸੀਂ ਸਹੀ ਹਾਂ, ਪਰ ਅਸਲ ਵਿੱਚ ਸਾਡੇ ਵੱਲੋਂ ਪਰਮੇਸ਼ੁਰ ਦੀ ਤਸਵੀਰ ਗਲਤ ਹੋ ਸਕਦੀ ਹੈ।

# 2
# ਪਰਮੇਸ਼ੁਰ ਦੀ ਸੱਚੀ ਤਸਵੀਰ ਪ੍ਰਤੱਖ ਹੈ

**ਰੋਮੀਆਂ 1:20–23**

**20 ਕਿਉਂਕਿ ਜਗਤ ਦੇ ਉਤਪਤ ਹੋਣ ਤੋਂ ਉਹ ਦਾ ਅਣਡਿੱਠ ਸੁਭਾਓ ਅਰਥਾਤ ਉਹ ਦੀ ਅਨਾਦੀ ਸਮਰੱਥਾ ਅਤੇ ਈਸ਼ੁਰਤਾਈ ਉਹ ਦੀ ਰਚਨਾ ਤੋਂ ਚੰਗੀ ਤਰ੍ਹਾਂ ਦਿੱਸ ਪੈਂਦੀ ਹੈ। ਇਸ ਕਰਕੇ ਉਨ੍ਹਾਂ ਦੇ ਲਈ ਕੋਈ ਉਜ਼ਰ ਨਹੀਂ।**

**21 ਭਾਵੇਂ ਉਨ੍ਹਾਂ ਨੇ ਪਰਮੇਸ਼ੁਰ ਨੂੰ ਜਾਣ ਲਿਆ ਪਰ ਤਾਂ ਵੀ ਪਰਮੇਸ਼ੁਰ ਦੇ ਯੋਗ ਵਡਿਆਈ ਨਾ ਕੀਤੀ, ਨਾ ਉਹ ਦਾ ਧੰਨਵਾਦ ਕੀਤਾ ਸਗੋਂ ਆਪਣੀਆਂ ਸੋਚਾਂ ਵਿੱਚ ਨਿਕੰਮੇ ਬਣ ਗਏ ਅਤੇ ਓਹਨਾਂ ਦੇ ਬੁੱਧਹੀਣ ਮਨ ਅਨ੍ਹੇਰੇ ਹੋ ਗਏ।**

**22 ਓਹ ਆਪ ਨੂੰ ਬੁੱਧੀਵਾਨ ਮੰਨ ਕੇ ਮੂਰਖ ਬਣ ਗਏ।**

**23 ਅਤੇ ਅਬਨਾਸ਼ੀ ਪਰਮੇਸ਼ੁਰ ਦੇ ਪਰਤਾਪ ਨੂੰ ਨਾਸਵਾਨ ਮਨੁੱਖ ਅਤੇ ਪੰਛੀਆਂ ਅਤੇ ਚੌਪਾਇਆ ਅਤੇ ਘਿੱਸਰਨ ਵਾਲੇ ਜੀਉ ਜੰਤ ਦੇ ਰੂਪ ਦੀ ਮੂਰਤ ਨਾਲ ਵਟਾ ਦਿੱਤਾ।**

ਸ਼ਾਡੇ ਲਈ ਪਰਮੇਸ਼ੁਰ ਦੀ ਕੁਦਰਤ ਉਸਦੀ ਰਚਨਾ ਵਿੱਚ ਪ੍ਰਗਟ ਹੁੰਦੀ ਹੈ। ਉਸਦੇ ਅਲੱਖ ਗੁਣ, ਉਸਦੀ ਸਦੀਪਕ ਸ਼ਕਤੀ ਅਤੇ ਮਹਾਨਤਾ ਉਸਦੀ ਰਚਨਾ ਵਿੱਚ ਸਪਸ਼ੱਟ ਤੌਰ ‘ਤੇ ਦਿਖਾਈ ਦਿੰਦੀ ਹੈ। ਸ੍ਰਿਸ਼ਟੀ ਖ਼ੁਦ ਆਪਣੇ ਸਿਰਜਣਹਾਰ ਦੀ ਮਹਿਮਾ ਦੀ ਗੱਲ ਕਰਦੀ ਹੈ (ਜ਼ਬੂਰ 19:1–3)। ਪਰ ਦੁੱਖ ਦੀ ਗੱਲ ਹੈ ਕਿ ਲੋਕ “ਸਿਰਜਣਹਾਰ” ਦੀ ਥਾਂ “ਸ੍ਰਿਸ਼ਟੀ” ਦੀ ਪੂਜਾ ਕਰਨ ਲੱਗ ਪਏ ਹਨ। ਭਾਵੇਂ ਅਸੀਂ ਸਿਰਜਣਹਾਰ ਦੀ ਰਚਨਾ ਨੂੰ ਦੇਖ ਕੇ ਉਸ ਬਾਰੇ ਸਿੱਖ ਸਕਦੇ ਹਾਂ, ਸਾਨੂੰ ਬਹੁਤ ਧਿਆਨ ਰੱਖਣਾ ਚਾਹੀਦਾ ਹੈ ਕਿ ਉਸ ਦੀ ਰਚਨਾ ਵਿੱਚੋਂ ਕੋਈ ਦੇਵਤਾ ਨਾ ਬਣਾਇਆ ਜਾਵੇ।

**2 ਤਿਮੋਥਿਉਸ 3:16**

**ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿੜਾਉਣ ਲਈ ਗੁਣਕਾਰ ਹੈ।**

ਸ੍ਰਿਸ਼ਟੀ ਤੋਂ ਇਲਾਵਾ, ਸਾਡੇ ਕੋਲ ਪਰਮੇਸ਼ੁਰ ਦਾ ਵਚਨ—ਬਾਈਬਲ ਹੈ—ਜੋ ਸਾਨੂੰ ਪਰਮੇਸ਼ੁਰ ਦੀ ਅਸਲ ਤਸਵੀਰ ਪ੍ਰਗਟ ਕਰਦੀ ਹੈ, ਕਿਉਂਕਿ ਬਾਈਬਲ ਉਹ ਕਿਤਾਬ ਹੈ ਜੋ ਪਰਮੇਸ਼ੁਰ ਨੇ ਲਿਖੀ ਹੈ। ਪੂਰੀ ਬਾਈਬਲ ਸਾਨੂੰ ਪਰਮੇਸ਼ੁਰ ਦੀ ਪ੍ਰੇਰਣਾ ਦੁਆਰਾ ਦਿੱਤੀ ਗਈ ਹੈ। ਅਸੀਂ ਜਾਣਦੇ ਹਾਂ ਕਿ ਸਾਰਾ ਧਰਮ—ਗ੍ਰੰਥ ਪਰਮੇਸ਼ੁਰ ਦੁਆਰਾ ਦਿੱਤਾ ਗਿਆ ਅਤੇ ਪਰਮੇਸ਼ੁਰ ਦੁਆਰਾ ਪ੍ਰੇਰਿਤ ਹੈ। ਪਰਮੇਸ਼ੁਰ ਦਾ ਹੱਥ ਉਹਨਾਂ ਉੱਤੇ ਸੀ ਜਿਨ੍ਹਾਂ ਨੇ ਇਸਨੂੰ ਲਿਖਿਆ ਸੀ ਅਤੇ ਇਸ ਲਈ, ਬਾਈਬਲ ਪਰਮੇਸ਼ੁਰ ਦਾ ਆਪਣਾ ਖੁਲਾਸਾ ਹੈ ਕਿ ਉਹ ਕੌਣ ਹੈ—ਉਸਦੇ ਗੁਣ ਅਤੇ ਉਸਦੇ ਸਿਰਲੇਖ।

ਅਸੀਂ ਬਾਈਬਲ ਵਿੱਚ ਪਰਮੇਸ਼ੁਰ ਦੇ ਕਈ ਗੁਣਾਂ ਅਤੇ ਵਿਸ਼ੇਸ਼ਤਾਵਾਂ ਬਾਰੇ ਪੜ੍ਹਦੇ ਹਾਂ।

- **ਪਰਮੇਸ਼ੁਰ ਸਵੈ-ਹੋਂਦ ਵਾਲਾ ਹੈ।** ਪਰਮੇਸ਼ੁਰ ਆਪਣੀ ਹੋਂਦ ਲਈ ਕਿਸੇ ਹੋਰ ਸਰੋਤ ‘ਤੇ ਨਿਰਭਰ ਨਹੀਂ ਕਰਦਾ ਹੈ।
- **ਪਰਮੇਸ਼ੁਰ ਸਦੀਪਕ ਹੈ।** ਪਰਮੇਸ਼ੁਰ ਸਮੇਂ ਤੋਂ, ਪਹਿਲਾਂ ਸੀ ਅਤੇ ਸਦਾ ਲਈ ਰਹੇਗਾ।
- **ਪਰਮੇਸ਼ੁਰ ਸਿਰਜਣਹਾਰ ਹੈ।** ਪਰਮੇਸ਼ੁਰ ਨੇ ਸਭ ਕੁਝ ਸਿਰਜਿਆ ਹੈ।
- **ਪਰਮੇਸ਼ੁਰ ਸਰਬ-ਸ਼ਕਤੀਮਾਨ ਹੈ।** ਉਹ ਸਭ ਤੋਂ ਸ਼ਕਤੀਸ਼ਾਲੀ ਹੈ।
- **ਪਰਮੇਸ਼ੁਰ ਸਰਬ ਬੁੱਧੀਮਾਨ ਅਤੇ ਸਰਬ ਗਿਆਤਾ।** ਉਹ ਸਰਬ-ਵਿਆਪਕ ਹੈ।
- **ਉਹ ਹਰ ਸਮੇਂ ਹਰ ਥਾਂ ਮੌਜੂਦ ਹੈ।** ਉਹ ਸਰਬ-ਵਿਆਪਕ ਹੈ। ਸਮਾਂ ਅਤੇ ਸਥਾਨ ਉਸਦੀ ਮੌਜੂਦਗੀ ਨੂੰ ਕਾਬੂ ਨਹੀਂ ਕਰ ਸਕਦੇ।
- **ਪਰਮੇਸ਼ੁਰ ਇੱਕ ਨਿੱਜੀ ਆਤਮਾ ਹੈ।** ਉਹ ਇੱਕ ਆਤਮਾ ਹੈ, ਪਰ ਉਹ ਇੱਕ ਵਿਅਕਤੀ ਹੈ। ਉਸ ਕੋਲ ਭਾਵਨਾਵਾਂ ਅਤੇ ਇੱਛਾਵਾਂ ਹਨ।
- **ਪਰਮੇਸ਼ੁਰ ਬੇਅੰਤ ਹੈ।** ਪਰਮੇਸ਼ੁਰ ਸਾਰੇ ਮਾਪਾਂ ਤੋਂ ਪਰ੍ਹੇ ਹੈ।
- **ਪਰਮੇਸ਼ੁਰ ਅਟੱਲ ਹੈ।** ਉਹ ਨਹੀਂ ਬਦਲਦਾ। ਅਸੀਂ ਵੱਡੇ ਹੁੰਦੇ ਹਾਂ ਅਤੇ ਸਾਡੀ ਸ਼ਖਸੀਅਤ ਵੀ ਬਦਲ ਜਾਂਦੀ ਹੈ। ਪਰ ਪਰਮੇਸ਼ੁਰ ਉਹੀ ਹੈ। ਉਸਨੂੰ ਸਿਆਣੇ ਹੋਣ ਦੀ ਲੋੜ ਨਹੀਂ ਹੈ।
- **ਪਰਮੇਸ਼ੁਰ ਸਰਬ-ਸ਼ਕਤੀਮਾਨ ਹੈ।** ਉਸਨੂੰ ਤੁਹਾਡੀ ਜਾਂ ਮੇਰੀ ਸਲਾਹ ਦੀ ਲੋੜ ਨਹੀਂ ਹੈ। ਉਹ ਉਹੀ ਕਰਦਾ ਹੈ ਜੋ ਉਸਨੂੰ ਖੁਸ਼ ਕਰਦਾ ਹੈ।
- **ਪਰਮੇਸ਼ੁਰ ਪਵਿੱਤਰ ਹੈ।**
- **ਪਰਮੇਸ਼ੁਰ ਧਰਮੀ ਹੈ।**
- **ਪਰਮੇਸ਼ੁਰ ਨਿਆਂ ਕਰਨ ਵਾਲਾ ਹੈ।**
- **ਉਹ ਸੱਚ ਦਾ ਪਰਮੇਸ਼ੁਰ ਹੈ।**
- **ਉਹ ਪਿਆਰ ਕਰਨ ਵਾਲਾ ਪਰਮੇਸ਼ੁਰ ਹੈ।**
- **ਉਹ ਭਲਿਆਈ ਦਾ ਪਰਮੇਸ਼ੁਰ ਹੈ।** ਪਰਮੇਸ਼ੁਰ ਇੱਕ ਭਲਾ ਪਰਮੇਸ਼ੁਰ ਹੈ ਅਤੇ ਅਸੀਂ ਅਗਲੇ ਅਧਿਆਇਆਂ ਵਿੱਚ ਪਰਮੇਸ਼ੁਰ ਦੇ ਇਸ ਸਿਰਲੇਖ ਦੇ ਬਾਰੇ ਵਿਚਾਰ-ਵਟਾਂਦਰਾ ਕਰਾਂਗੇ।

# 3
# ਪਰਮੇਸ਼ੁਰ ਦੇ ਬਾਰੇ ਮਹੱਤਵਪੂਰਨ ਸੱਚਾਈਆਂ

ਇੱਥੇ ਪਰਮੇਸ਼ੁਰ ਬਾਰੇ ਕੁਝ ਮਹੱਤਵਪੂਰਨ ਸੱਚਾਈਆਂ ਹਨ।

## ਪਰਮੇਸ਼ੁਰ ਦੀ ਇੱਛਾ ਹਮੇਸ਼ਾਂ ਉਸਦੇ ਸੁਭਾਅ ਨਾਲ ਮੇਲ ਖਾਂਦੀ ਹੈ—ਉਹ ਜੋ ਹੈ

ਜੇ ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ ਕੌਣ ਹੈ, ਤਾਂ ਅਸੀਂ ਇਹ ਵੀ ਜਾਣਾਂਗੇ ਕਿ ਉਸ ਦੀ ਇੱਛਾ ਕੀ ਹੈ। ਉਸਦੀ ਇੱਛਾ ਕਦੇ ਵੀ ਸਾਡੇ ਬਾਰੇ ਉਸਦੇ ਸੁਭਾਅ ਦੇ ਉਲਟ ਨਹੀਂ ਹੋ ਸਕਦੀ ਜਾਂ ਉਹ ਕੌਣ ਹੈ। ਜੇ ਅਸੀਂ ਕਦੇ ਕਹਿੰਦੇ ਹਾਂ ਕਿ ਅਸੀਂ ਪਰਮੇਸ਼ੁਰ ਦੀ ਇੱਛਾ ਨੂੰ ਨਹੀਂ ਜਾਣਦੇ, ਤਾਂ ਹੋ ਸਕਦਾ ਹੈ ਕਿ ਅਸੀਂ ਇਹ ਨਾ ਜਾਣੀਏ ਕਿ ਉਹ ਕੌਣ ਹੈ। ਉਦਾਹਰਣ ਲਈ, ਅਸੀਂ ਇਹ ਜਾਣਨ ਲਈ ਵਰਤ ਰੱਖਕੇ ਪ੍ਰਾਰਥਨਾ ਨਹੀਂ ਕਰਦੇ ਹਾਂ ਕਿ ਕੀ ਇਹ ਪਾਪਾਂ ਨੂੰ ਮਾਫ਼ ਕਰਨਾ ਉਸਦੀ ਇੱਛਾ ਹੈ ਜਾਂ ਨਹੀਂ। ਅਸੀਂ ਸਿਰਫ਼ ਇਹ ਜਾਣਦੇ ਹੋਏ ਪ੍ਰਭੂ ਕੋਲ ਪਹੁੰਚਦੇ ਹਾਂ ਕਿ ਮਾਫ਼ ਕਰਨਾ ਉਸਦਾ ਸੁਭਾਅ ਹੈ ਅਤੇ ਇਹ ਵੀ ਕਿ ਪਰਮੇਸ਼ੁਰ ਮਾਫ਼ ਕਰੇਗਾ। ਬੀਮਾਰ ਵਿਅਕਤੀ ਬਾਰੇ ਵੀ ਇਹੀ ਸੱਚ ਹੈ। ਇਹ ਬਿਮਾਰਾਂ ਨੂੰ ਚੰਗਾ ਕਰਨਾ ਪਰਮੇਸ਼ੁਰ ਦੀ ਇੱਛਾ ਹੈ ਕਿਉਂਕਿ ਉਹ ਚੰਗਾ ਕਰਨ ਵਾਲਾ ਹੈ ਅਤੇ ਉਸਦੀ ਇੱਛਾ ਉਸਦੇ ਸੁਭਾਅ ਨਾਲ ਮੇਲ ਖਾਂਦੀ ਹੈ, ਕਿਉਂਕਿ ਉਹ ਕਦੇ ਵੀ ਆਪਣੇ ਸੁਭਾਅ ਦਾ ਵਿਰੋਧ ਨਹੀਂ ਕਰੇਗਾ। ਇਸ ਲਈ, ਹਰ ਬਿਮਾਰ ਵਿਅਕਤੀ ਨੂੰ ਠੀਕ ਕਰਨਾ ਉਸਦੀ ਇੱਛਾ ਹੈ। ਉਸਨੇ ਕਿਹਾ, *"ਮੈਂ ਯਹੋਵਾਹ ਰਾਫਾ ਹਾਂ,"* ਜਿਸ ਦੁਆਰਾ ਉਸਨੇ ਚੰਗਾ ਕਰਨ ਵਾਲੇ ਪਰਮੇਸ਼ੁਰ ਦੇ ਰੂਪ ਵਿੱਚ ਆਪਣਾ ਸੁਭਾਅ ਪ੍ਰਗਟ ਕੀਤਾ।

## ਪਰਮੇਸ਼ੁਰ ਸਭ ਕੁਝ ਆਪਣੇ ਸੁਭਾਅ ਅਤੇ ਚਰਿੱਤਰ ਅਨੁਸਾਰ ਕਰਦਾ ਹੈ

ਇਸ ਲਈ ਜੇਕਰ ਅਸੀਂ ਜਾਣਦੇ ਹਾਂ ਕਿ ਉਹ ਕੌਣ ਹੈ, ਤਾਂ ਅਸੀਂ ਇਹ ਵੀ ਜਾਣਦੇ ਹਾਂ ਕਿ ਉਹ ਕੀ ਕਰਦਾ ਹੈ। ਜਿਹੜੇ ਲੋਕ ਵਿਆਹੇ ਹੋਏ ਹਨ, ਉਹ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਣਗੇ। ਮੇਰੀ ਪਤਨੀ, ਐਮੀ, ਦੱਸ ਸਕਦੀ ਹੈ ਕਿ ਮੈਂ ਕਿਸੇ ਖਾਸ ਸਥਿਤੀ ਵਿੱਚ ਕੀ ਸੋਚ ਰਿਹਾ ਹਾਂ। ਮੈਂ ਕਿਵੇਂ ਵਿਹਾਰ ਕਰਦਾ ਹਾਂ ਅਤੇ ਮੈਂ ਕੀ ਕਰਦਾ ਹਾਂ ਕਿਉਂਕਿ ਉਹ ਮੈਨੂੰ ਜਾਣਦੀ ਹੈ। ਇਸ ਸਮੇਂ ਦੌਰਾਨ ਉਸਨੇ ਮੇਰੇ ਸੁਭਾਅ ਅਤੇ ਚਰਿੱਤਰ ਨੂੰ ਸਮਝ ਲਿਆ ਹੈ। ਇਸੇ ਤਰ੍ਹਾਂ, ਜਦੋਂ ਅਸੀਂ ਪਰਮੇਸ਼ੁਰ ਨੂੰ ਜਾਣਦੇ ਹਾਂ, ਅਸੀਂ ਜਾਣਦੇ ਹਾਂ ਕਿ ਉਹ ਕੀ ਕਰਦਾ ਹੈ। ਉਹ ਜੋ ਵੀ ਕਰਦਾ ਹੈ ਉਹ ਉਸ ਦੇ ਸੁਭਾਅ ਅਤੇ ਚਰਿੱਤਰ ਦੇ ਅਨੁਸਾਰ ਹੁੰਦਾ ਹੈ। ਪਰਮੇਸ਼ੁਰ ਸਭ ਕੁਝ ਆਪਣੇ ਸੁਭਾਅ ਅਤੇ ਚਰਿੱਤਰ ਅਨੁਸਾਰ ਕਰਦਾ ਹੈ।

ਜਿਵੇਂ ਕਿ ਅਸੀਂ ਪਹਿਲਾਂ ਕਿਹਾ ਹੈ, ਬਾਈਬਲ ਪਰਮੇਸ਼ੁਰ ਨੂੰ ਸਾਡੇ ਉੱਪਰ ਪ੍ਰਗਟ

ਕਰਦੀ ਹੈ। ਇਸ ਲਈ ਇਹ ਸਮਝਣ ਲਈ ਬਾਈਬਲ ਪੜ੍ਹਨਾ ਸਾਡੇ ਲਈ ਫਾਇਦੇਮੰਦ ਹੈ ਕਿ ਪਰਮੇਸ਼ੁਰ ਕੌਣ ਹੈ—ਉਸ ਦਾ ਸੁਭਾਅ ਅਤੇ ਚਰਿੱਤਰ ਕਿਹੋ ਜਿਹਾ ਹੈ।

## ਪਰਮੇਸ਼ੁਰ ਕਦੇ ਵੀ ਅਜਿਹਾ ਕੁਝ ਨਹੀਂ ਕਰਦਾ ਜਾਂ ਕਹਿੰਦਾ ਹੈ ਜੋ ਉਸਦੇ ਆਪਣੇ ਸੁਭਾਅ ਅਤੇ ਚਰਿੱਤਰ ਦੇ ਉਲਟ ਹੁੰਦਾ ਹੈ

ਪਰਮੇਸ਼ੁਰ ਇਹ ਨਹੀਂ ਕਹਿੰਦਾ, "ਮੈਂ ਸੱਚ ਦਾ ਪਰਮੇਸ਼ੁਰ ਹਾਂ, ਪਰ ਕਈ ਵਾਰ ਮੈਂ ਝੂਠ ਬੋਲਦਾ ਹਾਂ।" ਉਹ ਇਹ ਨਹੀਂ ਕਹਿ ਸਕਦਾ, "ਮੈਂ ਇੱਕ ਭਲਾ ਪਰਮੇਸ਼ੁਰ ਹਾਂ, ਪਰ ਕਈ ਵਾਰ ਮੈਂ ਬੁਰਾ ਕੰਮ ਕਰਦਾ ਹਾਂ।" ਇਸ ਲਈ, ਉਹ ਆਪਣੇ ਸੁਭਾਅ ਦੇ ਵਿਰੁੱਧ ਕੁਝ ਨਹੀਂ ਕਰੇਗਾ। ਇਸ ਨਾਲ ਸਾਡੇ ਲਈ ਇਹ ਦੱਸਣਾ ਅਸਾਨ ਹੋ ਜਾਂਦਾ ਹੈ ਕਿ ਇਹ ਪਰਮੇਸ਼ੁਰ ਵੱਲੋਂ ਹੈ, ਸ਼ੈਤਾਨ ਵੱਲੋਂ ਜਾਂ ਮੇਰੇ ਵੱਲੋਂ। ਇਸ ਨਾਲ ਇਹ ਤੈਅ ਕਰਨਾ ਅਸਾਨ ਹੋ ਜਾਂਦਾ ਹੈ—ਕਿ ਅਸੀਂ ਜੋ ਸੁਣ ਰਹੇ ਹਾਂ ਜੇਕਰ ਉਹ ਪਰਮੇਸ਼ੁਰ ਦੇ ਸੁਭਾਅ ਅਤੇ ਚਰਿੱਤਰ ਦੇ ਅਨੁਸਾਰ ਹੈ, ਫਿਰ ਇਹ ਪਰਮੇਸ਼ੁਰ ਤੋਂ ਹੈ। ਜੇ ਇਹ ਉਸਦੇ ਆਪਣੇ ਸੁਭਾਅ ਦੇ ਉਲਟ ਹੈ, ਤਾਂ ਇਹ ਪਰਮੇਸ਼ੁਰ ਤੋਂ ਨਹੀਂ ਹੈ। ਇਸ ਲਈ, ਜੇਕਰ ਅਸੀਂ ਜਾਣਦੇ ਹਾਂ ਕਿ ਉਹ ਕੌਣ ਹੈ, ਤਾਂ ਅਸੀਂ ਜਾਣਾਂਗੇ ਕਿ ਉਹ ਕੀ ਕਹਿੰਦਾ ਹੈ ਅਤੇ ਕਰਦਾ ਹੈ।

## ਪਰਮੇਸ਼ੁਰ ਦੀ ਸ਼ਕਤੀ ਅਸੀਮ ਹੈ ਪਰ ਕੁਝ ਚੀਜ਼ਾਂ ਹਨ ਜੋ ਪਰਮੇਸ਼ੁਰ ਨਹੀਂ ਕਰੇਗਾ

ਪਰਮੇਸ਼ੁਰ ਨੇ ਐਲਾਨ ਕੀਤਾ ਹੈ ਕਿ ਕੁਝ ਅਜਿਹੀਆਂ ਗੱਲਾਂ ਹਨ ਜੋ ਉਹ ਨਹੀਂ ਕਰੇਗਾ। ਉਦਾਹਰਣ ਲਈ,

- ਪਰਮੇਸ਼ੁਰ ਆਪਣੇ ਆਪ ਤੋਂ ਇਨਕਾਰ ਨਹੀਂ ਕਰ ਸਕਦਾ (2 ਤਿਮੋਥਿਉਸ 2:13)।
- ਉਹ ਝੂਠ ਨਹੀਂ ਬੋਲ ਸਕਦਾ (ਤੀਤੁਸ 1:2)।
- ਉਹ ਪਾਪ ਨਹੀਂ ਕਰ ਸਕਦਾ (ਯਾਕੂਬ 1:13)।

ਉਹ ਇਹ ਚੀਜ਼ਾਂ ਨਹੀਂ ਕਰ ਸਕਦਾ ਕਿਉਂਕਿ ਇਹ ਉਸਦੇ ਸੁਭਾਅ ਦੇ ਵਿਰੁੱਧ ਹਨ। ਉਹ ਕਦੇ ਵੀ ਸਾਡੇ ਨਾਲ ਬੇਵਫ਼ਾ, ਝੂਠ ਜਾਂ ਪਿਆਰ ਕਰਨਾ ਬੰਦ ਨਹੀਂ ਕਰੇਗਾ।

## ਪਰਮੇਸ਼ੁਰ ਮਨੁੱਖ ਦੇ ਜ਼ਮੀਰ ਦੀ ਅਜ਼ਾਦ ਇੱਛਾ (ਚੋਣ ਕਰਨ ਦੀ ਇੱਛਾ) 'ਤੇ ਆਪਣੀ ਇੱਛਾ ਨਹੀਂ ਥੋਪੇਗਾ

ਆਪਣੀ ਪ੍ਰਭੁਸੱਤਾ ਤੇ ਸੰਪੂਰਨਤਾ ਵਿੱਚ, ਪਰਮੇਸ਼ੁਰ ਨੇ ਸਾਡੀ ਅਜ਼ਾਦ ਇੱਛਾ—ਚੰਗੇ ਅਤੇ ਬੁਰੇ ਵਿਚਕਾਰ ਚੋਣ ਕਰਨ ਦੀ ਸਾਡੀ ਇੱਛਾ ਉੱਤੇ ਅਧਿਕਾਰ ਨਾ ਵਰਤਣ ਦੀ ਚੋਣ ਕੀਤੀ ਹੈ। ਇਸ ਲਈ ਉਸਨੇ ਆਦਮ ਅਤੇ ਹੱਵਾਹ ਨੂੰ ਪਾਪ ਕਰਨ ਤੋਂ ਨਹੀਂ ਰੋਕਿਆ। ਜੇਕਰ ਪਰਮੇਸ਼ੁਰ ਨੂੰ ਸਾਡੀ ਸਮਝਦਾਰੀ ਦੀ ਸੁਤੰਤਰ ਇੱਛਾ 'ਤੇ ਅਧਿਕਾਰ ਹੁੰਦਾ, ਤਾਂ ਅਸੀਂ ਮਨੁੱਖ ਨਹੀਂ ਹੁੰਦੇ ਬਲਕਿ ਰੋਬੋਟ ਹੁੰਦੇ ਅਤੇ ਪਰਮੇਸ਼ੁਰ ਨੇ ਰੋਬੋਟ ਨਹੀਂ ਬਣਾਏ।

ਉਸਨੇ ਮਨੁੱਖ ਨੂੰ ਆਪਣੇ ਸਰੂਪ ਵਿੱਚ ਬਣਾਇਆ ਅਤੇ ਉਹਨਾਂ ਨੂੰ ਅਜ਼ਾਦੀ ਦਿੱਤੀ। ਉਹ **ਕਦੇ** ਵੀ ਆਪਣੀ ਮਰਜ਼ੀ ਸਾਡੀ ਅਜ਼ਾਦ ਇੱਛਾ ‘ਤੇ ਨਹੀਂ ਥੋਪੇਗਾ—ਸਾਡੀ ਚੋਣ ਕਰਨ ਦੀ ਇੱਛਾ ‘ਤੇ। ਉਹ ਸਾਡੀ ਇੱਛਾ ਨੂੰ ਪ੍ਰਭਾਵਿਤ ਕਰੇਗਾ, ਸਾਨੂੰ ਸੁਧਾਰੇਗਾ, ਸਾਡੀ ਅਗਵਾਈ ਕਰੇਗਾ, ਸਾਡੇ ਵਿੱਚ ਕੰਮ ਕਰੇਗਾ, ਸਾਨੂੰ ਆਪਣਾ ਵਚਨ ਦੇਵੇਗਾ, ਸਾਨੂੰ ਆਪਣੀ ਆਤਮਾ ਨਾਲ ਸਮਰੱਥ ਕਰੇਗਾ ਪਰ ਸਾਡੇ ਲਈ ਚੋਣ ਕਦੇ ਵੀ ਨਹੀਂ ਕਰੇਗਾ। ਇਸੇ ਲਈ ਪਰਮੇਸ਼ੁਰ ਨੇ ਲੋਕਾਂ ਨੂੰ ਨਰਕ ਵਿੱਚ ਜਾਣ ਦੀ ਇਜਾਜ਼ਤ ਦਿੱਤੀ ਹੈ। ਇਹ ਉਸਦੀ ਇੱਛਾ ਹੈ ਕਿ ਸਾਰੇ ਲੋਕ ਬਚਾਏ ਜਾਣ, ਪਰ ਲੋਕ ਫਿਰ ਵੀ ਨਰਕ ਵਿੱਚ ਜਾਣ ਦੀ ਚੋਣ ਕਰਦੇ ਹਨ। ਪਰਮੇਸ਼ੁਰ ਨੇ ਕਦੇ ਵੀ ਕੁਝ ਲੋਕਾਂ ਨੂੰ ਨਰਕ ਵਿੱਚ ਜਾਣ ਲਈ ਅਤੇ ਦੂਜੇ ਲੋਕਾਂ ਨੂੰ ਸਵਰਗ ਵਿੱਚ ਜਾਣ ਲਈ ਨਹੀਂ ਕਿਹਾ। ਇਹ ਪੱਖਪਾਤ ਹੋਵੇਗਾ। ਲੋਕ ਆਪ ਚੁਣਦੇ ਹਨ। ਇਸ ਲਈ, ਜਦੋਂ ਅਸੀਂ ਕਹਿੰਦੇ ਹਾਂ ਕਿ ਪਰਮੇਸ਼ੁਰ ਸਭ ਅਧਿਕਾਰ ਵਿੱਚ ਰੱਖਦਾ ਹੈ, ਇਹ ਆਮ ਤੌਰ ‘ਤੇ ਸਹੀ ਹੈ। ਪਰ ਖਾਸ ਤੌਰ ‘ਤੇ, ਪਰਮੇਸ਼ੁਰ ਸਾਡੀ ਸੁਤੰਤਰ ਇੱਛਾ ਅਤੇ ਧਰਤੀ ਉੱਤੇ ਸਾਡੇ ਦੁਆਰਾ ਕੀਤੇ ਗਏ ਫੈਸਲਿਆਂ ਤੇ ਅਧਿਕਾਰ ਨਹੀਂ ਰੱਖਦਾ ਹੈ। ਜੇ ਅਸੀਂ ਕੁਝ ਅਜਿਹਾ ਕਰਨ ਦਾ ਫੈਸਲਾ ਕਰਦੇ ਹਾਂ ਜੋ ਸੱਚਮੁੱਚ ਮੂਰਖ ਅਤੇ ਵਿਨਾਸ਼ਕਾਰੀ ਹੈ, ਇਹ ਸਾਡੀ ਚੋਣ ਹੈ।

# 4
# ਪਰਮੇਸ਼ੁਰ ਇੱਕ ਭਲਾ ਪਰਮੇਸ਼ੁਰ ਹੈ

ਪਰਮੇਸ਼ੁਰ ਬਾਰੇ ਬਹੁਤ ਸਾਰੀਆਂ ਗੱਲਾਂ ਜੋ ਬਾਈਬਲ ਵਿੱਚ ਸਾਡੇ ਲਈ ਪ੍ਰਗਟ ਕੀਤੀਆਂ ਗਈਆਂ ਹਨ, ਉਨ੍ਹਾਂ ਵਿੱਚੋਂ ਇੱਕ ਸੱਚਾਈ ਹੈ ਜੋ ਸੰਪੂਰਨ ਬਾਈਬਲ ਵਿੱਚ ਦੁਹਰਾਈ ਗਈ ਹੈ—ਪਰਮੇਸ਼ੁਰ ਇੱਕ ਭਲਾ ਪਰਮੇਸ਼ੁਰ ਹੈ!

**ਜ਼ਬੂਰ 34:8**

**ਚੱਖੋ ਤੇ ਵੇਖੋ ਭਈ ਯਹੋਵਾਹ ਭਲਾ ਹੈ, ਧੰਨ ਹੈ ਉਹ ਪੁਰਸ਼ ਜੋ ਉਸ ਵਿੱਚ ਪਨਾਹ ਲੈਂਦਾ ਹੈ!**

**ਜ਼ਬੂਰ 100:5**

**ਉਹ ਦੇ ਅਚਰਜ ਕੰਮਾਂ ਨੂੰ ਜਿਹੜੇ ਉਹ ਨੇ ਕੀਤੇ ਹਨ ਚੇਤੇ ਰੱਖੋ, ਉਹ ਦੇ ਅਚੰਭਿਆਂ ਨੂੰ ਅਤੇ ਉਹ ਦੇ ਮੂੰਹ ਦੇ ਨਿਆਵਾਂ ਨੂੰ ਵੀ।**

**ਜ਼ਬੂਰ 107:1,8**

**1 ਯਹੋਵਾਹ ਦਾ ਧੰਨਵਾਦ ਕਰੋ ਭਈ ਉਹ ਭਲਾ ਹੈ ਅਤੇ ਉਹ ਦੀ ਦਯਾ ਸਦੀਪਕ ਹੈ!**

**8 ਕਾਸ਼ ਕਿ ਓਹ ਯਹੋਵਾਹ ਦੀ ਦਯਾ ਦਾ ਧੰਨਵਾਦ ਕਰਦੇ, ਅਤੇ ਆਦਮ ਵੰਸੀਆਂ ਲਈ ਉਹ ਦੇ ਅਚਰਜ ਕੰਮਾਂ ਦਾ!**

ਜਦੋਂ ਸਭ ਕੁਝ ਠੀਕ ਹੋ ਜਾਂਦਾ ਹੈ ਤਾਂ ਅਸੀਂ ਆਮ ਤੌਰ ‘ਤੇ ਪਰਮੇਸ਼ੁਰ ਦਾ ਧੰਨਵਾਦ ਕਰਦੇ ਹਾਂ ਅਤੇ ਉਸਦੀ ਭਲਿਆਈ ਲਈ ਉਸਦੀ ਉਸਤਤ ਕਰਦੇ ਹਾਂ। ਫਿਰ ਵੀ ਜਦੋਂ “ਸਭ ਕੁਝ ਸਹੀ ਨਹੀਂ” ਹੁੰਦਾ, ਤਾਂ ਅਸੀਂ ਸੋਚਣਾ ਸ਼ੁਰੂ ਕਰ ਦਿੰਦੇ ਹਾਂ ਕਿ ਪਰਮੇਸ਼ੁਰ ਹੁਣ ਭਲਾ ਨਹੀਂ ਹੈ। ਜਦੋਂ ਅਸੀਂ ਸਵੇਰੇ ਕੁਝ ਘੰਟਿਆਂ ਲਈ ਪ੍ਰਾਰਥਨਾ ਕਰਦੇ ਹਾਂ, ਤਾਂ ਅਸੀਂ ਸੋਚਦੇ ਹਾਂ ਕਿ ਉਸ ਦਿਨ ਪਰਮੇਸ਼ੁਰ ਸਾਡੇ ਲਈ ਬਹੁਤ ਵਧੀਆ ਕਰੇਗਾ। ਪਰ ਅਗਲੇ ਦਿਨ ਜਦੋਂ ਅਸੀਂ ਸਿਰਫ਼ ਕੁਝ ਮਿੰਟਾਂ ਲਈ ਪ੍ਰਾਰਥਨਾ ਕਰਦੇ ਹਾਂ, ਤਾਂ ਅਸੀਂ ਸੋਚਦੇ ਹਾਂ ਕਿ ਉਸ ਦਿਨ ਉਹ ਸਾਡੇ ਲਈ ਭਲਾ ਪਰਮੇਸ਼ੁਰ ਨਹੀਂ ਹੋਵੇਗਾ। ਅਸੀਂ ਸਾਰੇ ਇਹ ਸੋਚਣ ਦੇ ਸਮੇਂ ਦੋਸ਼ੀ ਹਾਂ ਕਿ ਪਰਮੇਸ਼ੁਰ ਦੀ ਭਲਾਈ ਇਸ ਗੱਲ ‘ਤੇ ਨਿਰਭਰ ਕਰਦੀ ਹੈ ਕਿ ਅਸੀਂ ਕਿੰਨੀ ਦੇਰ ਪ੍ਰਾਰਥਨਾ ਕਰਦੇ ਹਾਂ! ਪਰ ਪਰਮੇਸ਼ੁਰ ਭਲਾ ਹੈ ਕਿਉਂਕਿ ਉਹ ਸਾਡੇ ਲਈ ਭਲਾ ਹੈ ਅਤੇ ਰਹੇਗਾ ਭਾਵੇਂ ਅਸੀਂ ਪ੍ਰਾਰਥਨਾ ਕਰਦੇ ਹਾਂ ਜਾਂ ਨਹੀਂ।

ਸਾਡੇ ਵਿੱਚੋਂ ਕੁਝ ਲੋਕ ਸੋਚਦੇ ਹਨ ਕਿ ਪਰਮੇਸ਼ੁਰ ਸਿਰਫ ਮਸੀਹ ਲੋਕਾਂ ਦੇ ਲਈ ਹੀ ਭਲਾ ਹੈ, ਪਰ ਵਚਨ ਕਹਿੰਦਾ ਹੈ:

**ਜ਼ਬੂਰ 145:8,9**

**8 ਯਹੋਵਾਹ ਦਯਾਲੂ ਤੇ ਕਿਰਪਾਲੂ ਹੈ, ਕ੍ਰੋਧ ਵਿੱਚ ਧੀਰਜਵਾਨ ਅਤੇ ਦਯਾ ਵਿੱਚ ਮਹਾਨ।**

**9 ਯਹੋਵਾਹ ਸਭਨਾਂ ਦੇ ਲਈ ਭਲਾ ਹੈ, ਅਤੇ ਉਹ ਦੀਆਂ ਰਹਿਮਤਾਂ ਉਹ ਦੇ ਸਾਰੇ ਕੰਮਾਂ ਉੱਤੇ ਹਨ।**

ਪਰਮੇਸ਼ੁਰ ਸਭ ਦੇ ਲਈ ਭਲਾ ਹੈ। ਉਨ੍ਹਾਂ ਲਈ ਵੀ ਜੋ ਸਾਨੂੰ ਸਤਾਉਂਦੇ ਹਨ। ਪਰਮੇਸ਼ੁਰ ਪਾਪੀ ਲਈ ਵੀ ਭਲਾ ਹੈ ਨਾ ਕਿ ਸਿਰਫ ਚਰਚ ਜਾਣ ਵਾਲਿਆਂ ਲਈ!

**ਮੱਤੀ 5:45**

**ਤਾਂ ਜੋ ਤੁਸੀਂ ਆਪਣੇ ਪਿਤਾ ਦੇ ਜਿਹੜਾ ਸੁਰਗ ਵਿੱਚ ਹੈ ਪੁੱਤਰ ਹੋਵੋ ਕਿਉਂ ਜੋ ਉਹ ਆਪਣਾ ਸੂਰਜ ਬੁਰਿਆਂ ਅਤੇ ਭਲਿਆਂ ਉੱਤੇ ਚਾੜ੍ਹਦਾ ਹੈ ਅਤੇ ਧਰਮੀਆਂ ਅਤੇ ਕੁਧਰਮੀਆਂ ਉੱਤੇ ਮੀਂਹ ਵਰਸਾਉਂਦਾ ਹੈ।**

ਇਸ ਲਈ ਅਸੀਂ ਉਨ੍ਹਾਂ ਪਾਪੀਆਂ ਲਈ ਪ੍ਰਾਰਥਨਾ ਕਰ ਸਕਦੇ ਹਾਂ ਜੋ ਅੱਜ ਉਲਝਣ ਵਿੱਚ ਹਨ ਅਤੇ ਪ੍ਰਭੂ ਨੂੰ ਉਨ੍ਹਾਂ ਉੱਤੇ ਆਪਣੀ ਭਲਿਆਈ ਦੀ ਵਰਖਾ ਕਰਨ ਲਈ ਕਹਿ ਸਕਦੇ ਹਨ। ਪਰਮੇਸ਼ੁਰ ਸਭ ਦੇ ਲਈ ਭਲਾ ਹੈ। ਇਸ ਲਈ ਕਿਸੇ ਪਾਪੀ ਨੂੰ ਆਪਣੇ ਆਪ ਨੂੰ ਸ਼ੁੱਧ ਕਰਕੇ ਚਰਚ ਵਿੱਚ ਚੱਲਣ ਲਈ ਕਹਿਣ ਦੀ ਕੋਈ ਲੋੜ ਨਹੀਂ ਹੈ ਤਾਂ ਜੋ ਪਰਮੇਸ਼ੁਰ ਉਸ ਦਾ ਭਲਾ ਕਰੇ। ਪਰਮੇਸ਼ੁਰ *"ਯਹੋਵਾਹ ਸਭਨਾਂ ਦੇ ਲਈ ਭਲਾ ਹੈ ਅਤੇ ਉਹ ਦੀਆਂ ਰਹਿਮਤਾਂ ਉਹ ਦੇ ਸਾਰੇ ਕੰਮਾਂ ਉੱਤੇ ਹਨ"* (ਜ਼ਬੂਰ 145:9)। ਇੱਕ ਪਾਪੀ ਨੂੰ ਪਰਮੇਸ਼ੁਰ ਕੋਲ ਆਉਣ ਦਿਓ ਜਿਵੇਂ ਕਿ ਉਹ ਪਾਪ ਵਿੱਚ ਹੈ—ਉਲਝਣ ਵਿੱਚ ਹੈ—ਅਤੇ ਪਰਮੇਸ਼ੁਰ ਦੀ ਭਲਿਆਈ ਉਸਨੂੰ ਤੌਬਾ ਕਰਨ ਵੱਲ ਲੈ ਜਾਵੇਗੀ (ਰੋਮੀਆਂ 2:4)।

ਕਿਉਂਕਿ ਪਰਮੇਸ਼ੁਰ ਇੱਕ ਭਲਾ ਪਰਮੇਸ਼ੁਰ ਹੈ, ਉਹ ਸਾਨੂੰ ਚੰਗੀਆਂ ਚੀਜ਼ਾਂ ਦੇਣਾ ਚਾਹੁੰਦਾ ਹੈ। ਉਹ ਇਹ ਕਹਿ ਕੇ ਆਪਣੇ ਆਪ ਦਾ ਖੰਡਨ ਨਹੀਂ ਕਰ ਸਕਦਾ, "ਮੈਂ ਇੱਕ ਭਲਾ ਪਰਮੇਸ਼ੁਰ ਹਾਂ, ਪਰ ਮੈਂ ਤੁਹਾਡੇ ਲਈ ਬੁਰੀਆਂ ਚੀਜ਼ਾਂ ਚਾਹੁੰਦਾ ਹਾਂ।" ਉਹ ਜੋ ਵੀ ਕਹਿੰਦਾ ਹੈ, ਕਰਦਾ ਹੈ ਅਤੇ ਉਸਦੀਆਂ ਇੱਛਾਵਾਂ ਹਮੇਸ਼ਾਂ ਚੰਗੀਆਂ ਹੁੰਦੀਆਂ ਹਨ।

## ਕਿਉਂਕਿ ਪਰਮੇਸ਼ੁਰ ਇੱਕ ਭਲਾ ਪਰਮੇਸ਼ੁਰ ਹੈ, ਉਹ ਇੱਕ ਖੁੱਲ੍ਹ ਦਿਲੀ ਨਾਲ ਦੇਣ ਵਾਲਾ ਹੈ

**ਮੱਤੀ 7:7–11**

**7 ਮੰਗੋ ਤਾਂ ਤੁਹਾਨੂੰ ਦਿੱਤਾ ਜਾਵੇਗਾ। ਢੂੰਢੋ ਤਾਂ ਤੁਹਾਨੂੰ ਲੱਭੇਗਾ। ਖੜਕਾਓ ਤਾਂ ਤੁਹਾਡੇ ਲਈ ਖੋਲ੍ਹਿਆ ਜਾਵੇਗਾ।**

**8 ਕਿਉਂਕਿ ਹਰੇਕ ਮੰਗਣ ਵਾਲਾ ਪਾ ਲੈਂਦਾ ਹੈ ਅਤੇ ਢੂੰਢਣ ਵਾਲੇ ਨੂੰ ਲੱਭਦਾ ਹੈ ਅਤੇ ਖੜਕਾਉਣ ਵਾਲੇ ਲਈ ਖੋਲ੍ਹਿਆ ਜਾਵੇਗਾ।**

**9 ਜਾਂ ਤੁਹਾਡੇ ਵਿੱਚੋਂ ਕਿਹੜਾ ਮਨੁੱਖ ਹੈ ਕਿ ਜੇ ਉਸ ਦਾ ਪੁੱਤਰ ਉਸ ਤੋਂ ਰੋਟੀ ਮੰਗੇ ਤਾਂ ਉਹ ਨੂੰ ਪੱਥਰ ਦੇਵੇ?**

**10 ਅਤੇ ਜੇ ਮੱਛੀ ਮੰਗੇ ਤਾਂ ਉਹ ਨੂੰ ਸੱਪ ਦੇਵੇ?**

**[11] ਸੋ ਜੇ ਤੁਸੀਂ ਬੁਰੇ ਹੋ ਕੇ ਆਪਣਿਆਂ ਬਾਲਕਾਂ ਨੂੰ ਚੰਗੀਆਂ ਦਾਤਾਂ ਦੇਣੀਆਂ ਜਾਣਦੇ ਹੋ ਤਾਂ ਕਿੰਨਾ ਵਧੀਕ ਤੁਹਾਡਾ ਸੁਰਗੀ ਪਿਤਾ ਆਪਣੇ ਮੰਗਣ ਵਾਲਿਆਂ ਨੂੰ ਚੰਗੀਆਂ ਵਸਤਾਂ ਦੇਵੇਗਾ!**

ਜੇ ਸੰਸਾਰਿਕ ਪਿਤਾ ਆਪਣੇ ਬੱਚਿਆਂ ਨੂੰ ਚੰਗੀਆਂ ਚੀਜ਼ਾਂ ਦੇ ਸਕਦੇ ਹਨ, ਤਾਂ ਪਰਮੇਸ਼ੁਰ ਪਿਤਾ ਦੇ ਦਿਲ ਨੂੰ ਘੱਟ ਨਾ ਸਮਝੋ। ਪਰਮੇਸ਼ੁਰ ਆਖ਼ਿਰਕਾਰ ਪਿਤਾ ਹੈ ਅਤੇ ਜੇਕਰ ਅਸੀਂ, ਬੁਰੇ ਹੋ ਕੇ ਵੀ, ਆਪਣੇ ਬੱਚਿਆਂ ਲਈ ਇਸ ਤਰ੍ਹਾਂ ਪਿਆਰ ਕਰਦੇ ਹਾਂ ਅਤੇ ਦੇਖਭਾਲ ਕਰਦੇ ਹਾਂ, ਤਾਂ ਮੈਂ ਤੁਹਾਨੂੰ ਯਕੀਨ ਦਿਵਾ ਸਕਦਾ ਹਾਂ ਕਿ ਪਰਮੇਸ਼ੁਰ, ਜੋ ਬੇਅੰਤ ਮਹਾਨ ਹੈ, ਆਪਣੇ ਬੱਚਿਆਂ ਲਈ ਚੰਗੀਆਂ ਚੀਜ਼ਾਂ ਚਾਹੁੰਦਾ ਹੈ!

**ਯਾਕੂਬ 1:17**

**ਹਰੇਕ ਚੰਗਾ ਦਾਨ ਅਤੇ ਹਰੇਕ ਪੂਰਨ ਦਾਤ ਉਤਾਹਾਂ ਤੋਂ ਹੈ ਅਤੇ ਜੋਤਾ ਦੇ ਪਿਤਾ ਵੱਲੋਂ ਉਤਰ ਆਉਂਦੀ ਹੈ ਜਿਹ ਦੇ ਵਿੱਚ ਨਾ ਬਦਲ ਅਤੇ ਨਾ ਉਹ ਪਰਛਾਵਾਂ ਹੋ ਸਕਦਾ ਜਿਹੜਾ ਘੁੰਮਣ ਨਾਲ ਪੈਂਦਾ ਹੈ।**

**ਜ਼ਬੂਰ 84:11**

**ਯਹੋਵਾਹ ਪਰਮੇਸ਼ੁਰ ਇੱਕ ਸੂਰਜ ਤੇ ਇੱਕ ਢਾਲ ਹੈ, ਯਹੋਵਾਹ ਦਯਾ ਅਤੇ ਤੇਜ ਦੇਵੇਗਾ, ਉਸ ਸਧਿਆਈ ਵਿੱਚ ਚੱਲਣ ਵਾਲਿਆਂ ਤੋਂ ਕੋਈ ਚੰਗੀ ਚੀਜ਼ ਨਾ ਰੋਕੇਗਾ।**

ਪਰਮੇਸ਼ੁਰ ਚੰਗੀਆਂ ਅਤੇ ਸੰਪੂਰਨ ਬਰਕਤਾਂ ਦਾ ਦਾਤਾ ਹੈ। ਉਹ ਚੰਗੀਆਂ ਚੀਜ਼ਾਂ ਨੂੰ ਸਾਡੇ ਤੋਂ ਲੁਕੋ ਕੇ ਨਹੀਂ ਰੱਖੇਗਾ।

# 5
# ਯਿਸੂ ਮਸੀਹ—ਅਲੱਖ ਪਰਮੇਸ਼ੁਰ ਦਾ ਸੱਚਾ ਸਰੂਪ

**ਕੁਲੁੱਸੀਆਂ 1:15**
**ਉਹ ਅਲੱਖ ਪਰਮੇਸ਼ੁਰ ਦਾ ਰੂਪ ਹੈ, ...**

**2 ਕੁਰਿੰਥੀਆਂ 4:4**
**... ਮਸੀਹ, ਜੋ ਪਰਮੇਸ਼ੁਰ ਦਾ ਸਰੂਪ ਹੈ, ...**

**ਇਬਰਾਨੀਆਂ 1:3**
**ਉਹ ਉਸ ਦੇ ਤੇਜ ਦਾ ਪ੍ਰਤੀਬਿੰਬ ਅਤੇ ਉਸ ਦੀ ਜਾਤ ਦਾ ਨਕਸ਼ ਹੋ ਕੇ ਆਪਣੇ ਸਮਰੱਥਾ ਦੇ ਬਚਨ ਨਾਲ ਸਭਨਾਂ ਵਸਤਾਂ ਨੂੰ ਸੰਭਾਲ ਕੇ ਅਰ ਪਾਪਾਂ ਨੂੰ ਸਾਫ਼ ਕਰ ਕੇ ਪਰਮ ਧਾਮ ਵਿੱਚ ਅੱਤ ਮਹਾਨ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ।**

ਯਿਸੂ ਪਰਮੇਸ਼ੁਰ ਦੀ ਸ਼ਖਸ਼ੀਅਤ, ਉਸਦੀ ਇੱਛਾ, ਉਸਦੇ ਮਨ ਅਤੇ ਭਾਵਨਾਵਾਂ ਦਾ ਸਹੀ ਸਰੂਪ ਹੈ। ਜਦੋਂ ਯਿਸੂ ਧਰਤੀ ਉੱਤੇ ਚੱਲਿਆ, ਤਾਂ ਉਸਨੇ ਕਦੇ ਵੀ ਬੁਰਾਈ ਨਹੀਂ ਕੀਤੀ। ਜਦੋਂ ਬਿਮਾਰ ਉਸ ਕੋਲ ਆਏ, ਤਾਂ ਉਸ ਨੇ ਉਨ੍ਹਾਂ ਨੂੰ ਦੂਰ ਨਹੀਂ ਕੀਤਾ, ਸਗੋਂ ਉਨ੍ਹਾਂ ਸਾਰਿਆਂ ਨੂੰ ਚੰਗਾ ਕੀਤਾ। ਉਸਨੇ ਰੋਟੀਆਂ ਅਤੇ ਮੱਛੀਆਂ ਨੂੰ ਗੁਣਾ ਕੀਤਾ ਅਤੇ ਲੋਕਾਂ ਨੂੰ ਖੁਆਇਆ—ਉਹਨਾਂ ਦੀਆਂ ਸਰੀਰਿਕ ਲੋੜਾਂ ਨੂੰ ਪੂਰਿਆਂ ਕੀਤਾ। ਇਸ ਤਰ੍ਹਾਂ ਉਸ ਨੇ ਦਿਖਾਇਆ ਕਿ ਪਰਮੇਸ਼ੁਰ ਇੱਥੇ ਧਰਤੀ ਉੱਤੇ ਸਾਡੇ ਜੀਵਨ ਵਿੱਚ ਅਸਲ ਵਿੱਚ ਦਿਲਚਸਪੀ ਰੱਖਦਾ ਹੈ।

**ਮੱਤੀ 15:22**
**ਅਰ ਵੇਖੋ ਇੱਕ ਕਨਾਨੀ ਤੀਵੀਂ ਉਨ੍ਹਾਂ ਹੱਦਾਂ ਵਿੱਚੋਂ ਨਿੱਕਲ ਕੇ ਹਾਕਾਂ ਮਾਰਦੀ ਬੋਲੀ ਕਿ, "ਹੇ ਪ੍ਰਭੂ ਦਾਊਦ ਦੇ ਪੁੱਤਰ ਮੇਰੇ ਉੱਤੇ ਦਯਾ ਕਰੋ! ਮੇਰੀ ਧੀ ਦਾ ਬਦ ਰੂਹ ਦੇ ਸਾਯੇ ਨਾਲ ਬੁਰਾ ਹਾਲ ਹੈ।"**

**ਮੱਤੀ 20:30**
**ਅਤੇ ਵੇਖੋ ਕਿ ਦੋ ਅੰਨ੍ਹੇ ਜਿਹੜੇ ਸੜਕ ਦੇ ਕੰਢੇ ਬੈਠੇ ਸਨ ਜਾਂ ਇਹ ਸੁਣਿਆ ਜੋ ਯਿਸੂ ਲੰਘਿਆ ਜਾਂਦਾ ਹੈ ਉੱਚੀ ਦੇਕੇ ਬੋਲੇ, "ਹੇ ਪ੍ਰਭੂ, ਦਾਊਦ ਦੇ ਪੁੱਤਰ, ਸਾਡੇ ਉੱਤੇ ਦਯਾ ਕਰ!"**

ਕਨਾਨੀ ਔਰਤ ਅਤੇ ਅੰਨ੍ਹੇ ਆਦਮੀ ਨੇ ਯਿਸੂ ਦੀ ਦਇਆ ਦੀ ਮੰਗ ਕੀਤੀ ਅਤੇ ਉਸਦੀ ਭਲਿਆਈ ਵਿੱਚ, ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ ਗਈਆਂ, ਅਤੇ ਉਹ

ਠੀਕ ਹੋ ਗਏ। ਯਿਸੂ ਅਲੱਖ ਪਰਮੇਸ਼ੁਰ ਦਾ ਸੱਚਾ ਚਿੱਤਰ ਹੈ ਅਤੇ ਪਰਮੇਸ਼ੁਰ ਕਿਹੋ ਜਿਹਾ ਹੈ ਉਸਦਾ ਸੱਚਾ ਪ੍ਰਗਟਾਵਾ ਹੈ। ਅਸੀਂ ਵੀ ਪਰਮੇਸ਼ੁਰ ਦੀ ਭਲਿਆਈ ਦੀ ਭਾਲ ਕਰ ਸਕਦੇ ਹਾਂ ਅਤੇ ਰੋਜ਼ਾਨਾ ਉਸ ਦੀ ਚੰਗਿਆਈ ਦਾ ਤਜ਼ੁਰਬਾ ਕਰ ਸਕਦੇ ਹਾਂ।

## ਆਪਣੇ ਆਪ ਨੂੰ ਇਹਨਾਂ ਚੀਜ਼ਾਂ ਦੀ ਯਾਦ ਦਿਵਾਓ

- ਪਰਮੇਸ਼ੁਰ ਦੀ ਇੱਛਾ ਹਮੇਸ਼ਾਂ ਉਸ ਦੇ ਸੁਭਾਅ ਦੇ ਮੁਤਾਬਕ ਰਹੇਗੀ—ਜੋ ਉਹ ਹੈ।

ਇਸ ਲਈ, ਜੇਕਰ ਤੁਸੀਂ ਜਾਣਦੇ ਹੋ ਕਿ **ਉਹ ਕੌਣ ਹੈ**, ਤਾਂ ਤੁਸੀਂ ਇਹ ਵੀ ਜਾਣੋਗੇ **ਕਿ ਉਸਦੀ ਇੱਛਾ ਕੀ ਹੈ।** ਕੁਝ ਲੋਕ ਪਰਮੇਸ਼ੁਰ ਦੀ ਇੱਛਾ ਜਾਣਨ ਤੋਂ ਡਰਦੇ ਹਨ ਕਿਉਂਕਿ ਇਹ ਡਰਾਉਣਾ ਹੈ। ਪਰਮੇਸ਼ੁਰ ਦੀ ਇੱਛਾ ਨੂੰ ਸਮਰਪਣ ਕਰਨਾ ਸਭ ਤੋਂ ਵਧੀਆ ਚੀਜ਼ ਹੈ ਜੋ ਤੁਹਾਡੇ ਜੀਵਨ ਵਿੱਚ ਵਾਪਰ ਸਕਦੀ ਹੈ। ਕਿਉਂਕਿ ਉਸਦੀ ਇੱਛਾ ਹਮੇਸ਼ਾਂ ਤੁਹਾਡੇ ਲਈ ਚੰਗੀ ਹੁੰਦੀ ਹੈ। ਖੁਸ਼ ਹੋ ਜਾਓ!

- ਪਰਮੇਸ਼ੁਰ ਸਭ ਕੁਝ ਆਪਣੇ ਸੁਭਾਅ ਅਤੇ ਚਰਿੱਤਰ ਮੁਤਾਬਕ ਕਰਦਾ ਹੈ।

ਇਸ ਲਈ, ਜੇਕਰ ਤੁਸੀਂ ਜਾਣਦੇ ਹੋ ਕਿ **ਉਹ ਕੌਣ ਹੈ**, ਤਾਂ ਤੁਹਾਨੂੰ ਇਹ ਵੀ ਪਤਾ ਲੱਗੇਗਾ **ਕਿ ਉਹ ਕੀ ਕਰਦਾ ਹੈ।** ਤੁਸੀਂ ਭਰੋਸੇ ਨਾਲ ਕਹਿ ਸਕਦੇ ਹੋ ਕਿ ਪਰਮੇਸ਼ੁਰ ਚੰਗੇ ਕੰਮ ਕਰਦਾ ਹੈ। ਬੇਸ਼ੱਕ, ਉਹ ਤੁਹਾਨੂੰ ਨਸੀਹਤ ਦੇਵੇਗਾ ਅਤੇ ਸੁਧਾਰੇਗਾ, ਪਰ ਇਹ ਸਭ ਤੁਹਾਡੇ ਆਪਣੇ ਭਲੇ ਲਈ ਹੋਵੇਗਾ!

- ਪਰਮੇਸ਼ੁਰ ਕਦੇ ਵੀ ਅਜਿਹਾ ਕੁਝ ਨਹੀਂ ਕਹਿੰਦਾ ਜਾਂ ਨਹੀਂ ਕਰਦਾ ਜੋ ਉਸਦੇ ਆਪਣੇ ਸੁਭਾਅ ਅਤੇ ਚਰਿੱਤਰ ਦੇ ਉਲਟ ਹੁੰਦਾ ਹੈ!

ਪਰਮੇਸ਼ੁਰ ਤੁਹਾਨੂੰ ਕਦੇ ਵੀ ਬੁਰਾ ਨਹੀਂ ਕਹੇਗਾ ਜਾਂ ਭਵਿੱਖਬਾਣੀ ਨਹੀਂ ਕਰੇਗਾ, "ਤੁਸੀਂ ਨਰਕ ਵਿੱਚ ਜਾਵੋਗੇ।" ਉਹ ਸਿਰਫ ਚੰਗੀਆਂ ਗੱਲਾਂ ਬੋਲਦਾ ਹੈ ਅਤੇ ਭਲਾ ਕਰਦਾ ਹੈ। ਪਰਮੇਸ਼ੁਰ ਐਨਾ ਭਲਾ ਹੈ, ਕਿ ਬੁਰਿਆਈ ਕਰ ਹੀ ਨਹੀਂ ਸਕਦਾ, ਉਹ ਐੱਨਾ ਬੁੱਧੀਮਾਨ ਹੈ ਕਿ ਕਦੇ ਗਲਤੀ ਨਹੀਂ ਕਰਦਾ ਹੈ ਐੱਨਾ ਸੱਚਾ ਹੈ ਕਿ ਕਦੇ ਝੂਠ ਨਹੀਂ ਬੋਲੇਗਾ ਅਤੇ ਐੱਨਾ ਸ਼ਕਤੀਸ਼ਾਲੀ ਹੈ ਕਿ ਤੁਹਾਨੂੰ ਡਿੱਗਣ ਨਹੀਂ ਦੇਵੇਗਾ!

## ਪਰ ਜੇਕਰ ਪਰਮੇਸ਼ੁਰ ਇੱਕ ਭਲਾ ਪਰਮੇਸ਼ੁਰ ਹੈ, ਤਾਂ ਇਸ ਸੰਸਾਰ ਵਿੱਚ ਇੰਨੇ ਮਾੜੇ ਕੰਮ ਕਿਉਂ ਹੋ ਰਹੇ ਹਨ?

ਹਰ ਰੋਜ਼ ਦੀਆਂ ਅਖਬਾਰਾਂ ਸਾਨੂੰ ਕੁਦਰਤੀ ਆਫ਼ਤਾਂ ਜਿਵੇਂ ਹੜ੍ਹਾਂ, ਭਿਆਨਕ ਤੂਫਾਨਾਂ ਅਤੇ ਹੋਰ ਕਾਰਨਾਂ ਜਿਵੇਂ ਅੱਤਵਾਦੀ ਗਤੀਵਿਧੀਆਂ, ਸ਼ਹਿਰਾਂ ਵਿੱਚ ਵਾਪਰ ਰਹੇ ਅਪਰਾਧਾਂ ਦੇ ਨਤੀਜੇ ਵਜੋਂ ਮਰ ਰਹੇ ਲੋਕਾਂ ਦੀ ਮੌਤ ਬਾਰੇ ਦੱਸਦੀਆਂ ਹਨ। ਇਸ ਲਈ, ਜੇਕਰ ਪਰਮੇਸ਼ੁਰ ਭਲਾ ਹੈ, ਤਾਂ ਇਹ ਸਾਰੀਆਂ ਮਾੜੀਆਂ ਗੱਲਾਂ ਕਿਉਂ ਹੁੰਦੀਆਂ ਹਨ? ਅਤੇ ਚੰਗੇ ਲੋਕਾਂ ਨਾਲ ਮਾੜੀਆਂ ਗੱਲਾਂ ਕਿਉਂ ਹੁੰਦੀਆਂ ਹਨ?

ਪਰਮੇਸ਼ੁਰ ਇੱਕ ਭਲਾ ਪਰਮੇਸ਼ੁਰ ਹੈ ਪਰ ਇਸ ਧਰਤੀ ਉੱਤੇ ਇੱਕ ਦੁਸ਼ਟ-ਆਤਮਾ (ਸ਼ੈਤਾਨ) ਹੈ। ਇਹ ਸ਼ੈਤਾਨ ਹੈ ਜੋ ਲੋਕਾਂ ਨੂੰ ਬੁਰਾਈ ਕਰਨ ਲਈ ਉਕਸਾਉਂਦਾ ਅਤੇ ਪ੍ਰਭਾਵਿਤ ਕਰਦਾ ਹੈ। ਅਫ਼ਸੋਸ ਦੀ ਗੱਲ ਹੈ ਕਿ ਲੋਕ ਜਾਣੇ-ਅਣਜਾਣੇ ਵਿਚ ਸ਼ੈਤਾਨ ਦੇ ਦੂਤ ਬਣ ਕੇ ਇਸ ਧਰਤੀ 'ਤੇ ਮਾੜੇ ਕੰਮ ਕਰਦੇ ਹਨ। ਸ਼ੈਤਾਨ ਆਦਮ ਦੇ ਪਾਪ ਰਾਹੀਂ ਇਸ ਸੰਸਾਰ ਵਿੱਚ ਆਇਆ। ਧਰਤੀ ਆਦਮ ਨੂੰ ਦਿੱਤੀ ਗਈ ਸੀ ਅਤੇ ਪਰਮੇਸ਼ੁਰ ਦੀ ਅਣਆਗਿਆਕਾਰੀ ਕਰਕੇ, ਆਦਮ ਨੇ ਇਸ ਦਾ ਕਬਜ਼ਾ ਸ਼ੈਤਾਨ ਦੇ ਹੱਥਾਂ ਵਿੱਚ ਤਬਦੀਲ ਕਰ ਦਿੱਤਾ। ਹਾਲਾਂਕਿ, ਇਹ ਸਿਰਫ ਸੀਮਿਤ ਸਮੇਂ ਲਈ ਹੈ। ਇਸ ਲਈ ਸ਼ੈਤਾਨ ਇਸ ਸਮੇਂ ਬਹੁਤ ਤੇਜ਼ੀ ਨਾਲ ਕੰਮ ਕਰ ਰਿਹਾ ਹੈ (ਪਰਕਾਸ਼ ਦੀ ਪੋਥੀ 12:12)। ਇੱਕ "ਸਮਾਂ" ਆਵੇਗਾ (ਮੱਤੀ 8:29) ਜਦੋਂ ਸ਼ੈਤਾਨ ਦਾ ਅਧਿਕਾਰ ਖ਼ਤਮ ਹੋ ਜਾਵੇਗਾ ਅਤੇ ਉਸ ਦੀਆਂ ਦੁਸ਼ਟ-ਆਤਮਾਵਾਂ ਧਰਤੀ ਵਿੱਚੋਂ ਕੱਢ ਦਿੱਤੀਆਂ ਜਾਣਗੀਆਂ। ਪਰਕਾਸ਼ ਦੀ ਪੋਥੀ ਦੱਸਦੀ ਹੈ ਕਿ ਪਰਮੇਸ਼ੁਰ ਨੇ ਸ਼ੈਤਾਨ ਅਤੇ ਉਸਦੇ ਦੁਸ਼ਟ ਦੂਤਾਂ ਲਈ ਕੀ ਯੋਜਨਾ ਬਣਾਈ ਹੈ (ਪਰਕਾਸ਼ ਦੀ ਪੋਥੀ 20:10,14)।

**ਲੂਕਾ 8:22-25**

**22 ਫੇਰ ਇੱਕ ਦਿਨ ਐਉਂ ਹੋਇਆ ਜੋ ਉਹ ਅਤੇ ਉਸ ਦੇ ਚੇਲੇ ਬੇੜੀ ਉੱਤੇ ਚੜ੍ਹੇ ਅਰ ਉਸ ਨੇ ਉਨ੍ਹਾਂ ਨੂੰ ਆਖਿਆ, "ਆਓ, ਅਸੀਂ ਝੀਲ ਦੇ ਪਾਰ ਚੱਲੀਏ," ਤਾਂ ਉਨ੍ਹਾਂ ਨੇ ਬੇੜੀ ਖੋਲ੍ਹ ਦਿੱਤੀ।**

**23 ਪਰ ਜਾਂ ਬੇੜੀ ਚੱਲੀ ਜਾਂਦੀ ਸੀ ਤਾਂ ਉਹ ਸੌਂ ਗਿਆ ਅਤੇ ਝੀਲ ਵਿੱਚ ਅਨ੍ਹੇਰੀ ਆਈ ਅਤੇ ਬੇੜੀ ਪਾਣੀ ਨਾਲ ਭਰਦੀ ਜਾਂਦੀ ਸੀ ਅਰ ਓਹ ਖ਼ਤਰੇ ਵਿੱਚ ਸਨ।**

**24 ਤਾਂ ਉਨ੍ਹਾਂ ਨੇ ਕੋਲ ਆਣ ਕੇ ਉਸਨੂੰ ਜਗਾਇਆ ਅਤੇ ਕਿਹਾ, "ਸੁਆਮੀ ਜੀ, ਸੁਆਮੀ ਜੀ! ਅਸੀਂ ਤਾਂ ਮਰ ਚੱਲੇ ਹਾਂ!" ਉਸ ਨੇ ਉੱਠ ਕੇ ਪੌਣ ਅਤੇ ਪਾਣੀ ਦੀਆਂ ਠਾਠਾਂ ਨੂੰ ਦੱਬਕਾ ਦਿੱਤਾ ਅਰ ਓਹ ਥੰਮ ਗਈਆਂ ਅਤੇ ਚੈਨ ਹੋ ਗਿਆ।**

**25 ਫੇਰ ਉਸ ਨੇ ਉਨ੍ਹਾਂ ਨੂੰ ਆਖਿਆ, "ਤੁਹਾਡੀ ਨਿਹਚਾ ਕਿੱਥੇ?" ਅਤੇ ਓਹ ਡਰ ਗਏ ਅਰ ਹੈਰਾਨ ਹੋ ਕੇ ਆਪੋ ਵਿੱਚੀਂ ਕਹਿਣ ਲੱਗੇ, "ਇਹ ਕੌਣ ਹੈ ਜੋ ਪੌਣ ਅਤੇ ਪਾਣੀ ਉੱਤੇ ਵੀ ਹੁਕਮ ਕਰਦਾ ਹੈ ਅਰ ਓਹ ਉਸ ਦੀ ਮੰਨ ਲੈਂਦੇ ਹਨ?"**

ਯਿਸੂ ਅਤੇ ਉਸਦੇ ਚੇਲੇ ਇੱਕ ਤੂਫ਼ਾਨ ਵਿੱਚ ਫਸ ਗਏ ਸਨ (ਲੂਕਾ 8:22-25)। ਕੁਦਰਤੀ ਤੌਰ 'ਤੇ ਚੇਲਿਆਂ ਨੇ ਉਹ ਕੀਤਾ ਜੋ ਉਹ ਕਰ ਸਕਦੇ ਸਨ। ਜਦੋਂ ਉਨ੍ਹਾਂ ਨੂੰ ਕੋਈ ਸਫਲਤਾ ਨਹੀਂ ਮਿਲੀ ਅਤੇ ਸੋਚਿਆ ਕਿ ਹੁਣ ਅਸੀਂ ਡੁੱਬ ਜਾਵਾਂਗੇ, ਤਾਂ ਉਨ੍ਹਾਂ ਨੇ ਯਿਸੂ ਨੂੰ ਜਗਾਇਆ। ਯਿਸੂ ਆਖ਼ਰੀ ਪ੍ਰਾਰਥਨਾ ਕਰਨ ਲਈ ਖੜ੍ਹਾ ਨਹੀਂ ਹੋਇਆ, ਇਹ ਵਿਸ਼ਵਾਸ ਕਰਦੇ ਹੋਏ ਕਿ ਇਹ ਪਰਮੇਸ਼ੁਰ ਦੀ ਆਖ਼ਰੀ ਇੱਛਾ ਸੀ ਕਿ ਉਹ ਤੂਫਾਨ ਵਿੱਚ ਮਰ ਜਾਣ। ਇਸ ਦੀ ਬਜਾਇ, ਉਸ ਨੇ ਦਲੇਰੀ ਨਾਲ ਹਵਾਵਾਂ ਅਤੇ ਤੂਫ਼ਾਨ ਨੂੰ ਝਿੜਕਿਆ ਅਤੇ ਇਹ ਸ਼ਾਂਤ ਹੋ ਗਿਆ। ਸਾਨੂੰ ਇਹ ਸਵਾਲ ਪੁੱਛਣ ਦੀ ਲੋੜ ਹੈ—ਤੂਫ਼ਾਨ ਕਿਸਨੇ ਲਿਆਂਦਾ? ਕੀ ਇਹ ਪਰਮੇਸ਼ੁਰ, ਜਾਂ ਸ਼ੈਤਾਨ ਜਾਂ ਕੁਦਰਤ ਆਪਣਾ ਕੰਮ ਕਰ ਰਹੀ ਸੀ?

ਇਹ ਪਰਮੇਸ਼ੁਰ ਵੱਲੋਂ ਨਹੀਂ ਹੋ ਸਕਦਾ, ਨਹੀਂ ਤਾਂ ਯਿਸੂ ਪਿਤਾ ਦੀ ਇੱਛਾ ਦੇ ਵਿਰੁੱਧ ਲੜ ਰਿਹਾ ਹੁੰਦਾ। ਇਸ ਲਈ ਇਹ ਕੇਵਲ ਸ਼ੈਤਾਨ ਜਾਂ ਕੁਦਰਤ ਦੇ ਕੰਮ ਦਾ ਨਤੀਜਾ ਹੋ ਸਕਦਾ ਹੈ। ਪਰਮੇਸ਼ੁਰ ਨੇ ਕੁਝ ਨਿਯਮ ਬਣਾਏ ਹਨ। ਇੱਕ ਸੇਬ ਨੂੰ ਹਵਾ ਵਿੱਚ ਸੁੱਟਣ ਤੋਂ ਬਾਅਦ, ਇਹ ਹੇਠਾਂ ਆ ਜਾਂਦਾ ਹੈ, ਇਸ ਲਈ ਨਹੀਂ ਕਿ ਪਰਮੇਸ਼ੁਰ ਇਸਨੂੰ ਧਰਤੀ 'ਤੇ ਵਾਪਿਸ ਭੇਜਦਾ ਹੈ, ਬਲਕਿ ਗੁਰੂਤਾਕਰਸ਼ਣ ਕਾਰਨ। ਉਸ ਨੇ ਕੁਦਰਤ ਦੇ ਨਿਯਮ ਬਣਾਏ ਹਨ। ਪਰ ਸ਼ੈਤਾਨ ਕੁਦਰਤੀ ਤੱਤਾਂ ਨਾਲ ਕੰਮ ਕਰ ਸਕਦਾ ਹੈ। ਅੱਯੂਬ ਦੇ ਅਧਿਆਇ 1 ਅਤੇ 2 ਵਿੱਚ ਅਸੀਂ ਪੜ੍ਹਦੇ ਹਾਂ ਕਿ ਸ਼ੈਤਾਨ ਪਰਮੇਸ਼ੁਰ ਦੀ ਹਜ਼ੂਰੀ ਤੋਂ ਪ੍ਰਗਟ ਹੋਇਆ ਸੀ ਅਤੇ ਉਸ ਨੇ ਮੌਸਮ ਦੇ ਪ੍ਰਭਾਵ ਨੂੰ ਵਰਤ ਕੇ ਅੱਯੂਬ ਅਤੇ ਉਸ ਦੀਆਂ ਚੀਜ਼ਾਂ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ ਸੀ। ਜਦੋਂ ਮੌਸਮ ਦੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਪਰਮੇਸ਼ੁਰ ਨੂੰ ਦੋਸ਼ ਨਾ ਦਿਓ, ਕਿਉਂਕਿ ਪਰਮੇਸ਼ੁਰ ਹਰ ਸਮੇਂ ਭਲਾ ਹੈ। ਇਸ ਮੌਸਮ ਵਿਗਿਆਨਿਕ ਵਰਤਾਰੇ ਦੇ ਪਿੱਛੇ ਸ਼ੈਤਾਨ ਦਾ ਕੰਮ ਹੋ ਸਕਦਾ ਹੈ ਜਾਂ ਕੁਦਰਤ ਦੇ ਕਾਨੂੰਨ ਕੰਮ ਕਰ ਰਹੇ ਹਨ।

ਅਜਿਹਾ ਨਹੀਂ ਹੈ ਕਿ ਪਰਮੇਸ਼ੁਰ ਇੱਕ ਦਿਨ ਭਲਾ ਹੁੰਦਾ ਹੈ ਅਤੇ ਦੂਜੇ ਦਿਨ ਬੁਰਾ ਹੁੰਦਾ ਹੈ। ਉਹ ਹਮੇਸ਼ਾਂ ਇੱਕ ਭਲਾ ਪਰਮੇਸ਼ੁਰ ਹੈ!

ਯਿਸੂ ਤੂਫ਼ਾਨ ਨੂੰ ਝਿੜਕਣ ਤੋਂ ਬਾਅਦ, ਆਪਣੇ ਚੇਲਿਆਂ ਵੱਲ ਮੁੜਿਆ, ਉਸਨੇ ਇਹ ਨਹੀਂ ਪੁੱਛਿਆ ਕਿ ਉਹ ਉਸ ਦਿਨ ਚਰਚ ਕਿਉਂ ਨਹੀਂ ਗਏ ਸਨ। ਉਸ ਨੇ ਕੀ ਪੁੱਛਿਆ, "ਤੇਰੀ ਨਿਹਚਾ ਕਿੱਥੇ ਗਈ ਹੈ?" ਭਿਆਨਕ ਤੂਫਾਨਾਂ ਦੇ ਵਿਚਕਾਰ, ਉਹ ਜਾਣਦਾ ਸੀ ਕਿ ਉਸਦੇ ਚੇਲੇ ਵਿਸ਼ਵਾਸ ਵਿੱਚ ਖੜੇ ਹੋ ਸਕਦੇ ਹਨ ਅਤੇ ਇਸ ਉੱਤੇ ਕਬਜ਼ਾ ਕਰ ਸਕਦੇ ਹਨ। ਇਸੇ ਤਰ੍ਹਾਂ, ਸਾਡੇ ਵਿੱਚੋਂ ਕੁਝ ਸਾਡੀਆਂ ਜ਼ਿੰਦਗੀਆਂ ਵਿਚਲੇ ਤੂਫ਼ਾਨਾਂ ਵਿੱਚ ਫਸ ਜਾਂਦੇ ਹਨ ਅਤੇ ਹੋ ਸਕਦਾ ਹੈ ਕਿ ਪਰਮੇਸ਼ੁਰ ਨੂੰ ਦੋਸ਼ੀ ਠਹਿਰਾ ਰਹੇ ਹੋਣ। ਪਰਮੇਸ਼ੁਰ ਨੂੰ ਦੋਸ਼ ਦੇਣਾ ਬੰਦ ਕਰੋ! ਆਓ ਉਹਨਾਂ ਉੱਤੇ ਇੱਕ ਸਟੈਂਡ ਲਈਏ ਅਤੇ ਕਹੀਏ ਕਿ ਅਸੀਂ ਉਹਨਾਂ ਨੂੰ ਉਸ ਵਿਸ਼ਵਾਸ ਦੁਆਰਾ ਦਬਾਉਂਦੇ ਹਾਂ ਜੋ ਸਾਡਾ ਭਲੇ ਪਰਮੇਸ਼ੁਰ ਵਿੱਚ ਹੈ। ਇਹ ਸਾਡਾ ਭਲਾ ਪਰਮੇਸ਼ੁਰ ਨਹੀਂ ਹੈ ਜੋ ਸਾਡੀਆਂ ਜ਼ਿੰਦਗੀਆਂ ਨੂੰ ਤੂਫਾਨਾਂ ਵਿੱਚ ਸੁੱਟ ਦਿੰਦਾ ਹੈ। ਪਰਮੇਸ਼ੁਰ ਨੇ ਸ਼ੈਤਾਨ ਨੂੰ ਕੁਝ ਸਮੇਂ ਲਈ ਇਸ ਧਰਤੀ 'ਤੇ ਕੰਮ ਕਰਨ ਦੀ ਇਜਾਜ਼ਤ ਦਿੱਤੀ ਹੈ ਪਰ ਉਸ ਨੇ ਸਾਨੂੰ ਬੇਸਹਾਰਾ ਨਹੀਂ ਛੱਡਿਆ। ਉਸਨੇ ਸਾਨੂੰ ਵਿਸ਼ਵਾਸ, ਪਹਿਨਣ ਲਈ ਇੱਕ ਹਥਿਆਰ ਅਤੇ ਉਸਦਾ ਵਚਨ ਦਿੱਤਾ ਹੈ ਜਿਸ ਦੁਆਰਾ ਅਸੀਂ ਇੱਕ ਜੇਤੂ ਮਸੀਹੀ ਜੀਵਨ ਜੀਅ ਸਕਦੇ ਹਾਂ।

ਕਿਉਂਕਿ ਪਰਮੇਸ਼ੁਰ ਇੱਕ ਨਿਆਂਪੂਰਨ ਪਰਮੇਸ਼ੁਰ ਹੈ, ਇਸ ਲਈ ਨਿਆਂ ਅਤੇ ਸਜ਼ਾ ਦਾ ਸੰਕਲਪ ਵੀ ਹੈ। ਪਰ ਇਹ ਉਨ੍ਹਾਂ ਸਮਿਆਂ ਲਈ ਹਨ ਜਦੋਂ ਅਸੀਂ ਪਰਮੇਸ਼ੁਰ ਦੇ ਨਿਯਮਾਂ ਦੀ ਉਲੰਘਣਾ ਕਰਦੇ ਹਾਂ ਅਤੇ ਉਸ ਦੀਆਂ ਹੱਦਾਂ ਤੋਂ ਬਾਹਰ ਜਾਂਦੇ ਹਾਂ।

ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਉਸ ਦੀ **ਅਰਾਧਨਾ** ਕਰੀਏ ਕਿਉਂਕਿ ਉਹ ਇਸ ਦਾ ਹੱਕਦਾਰ ਹੈ (**ਉਸ** ਦਾ ਧੰਨਵਾਦ ਕਰੋ ਅਤੇ ਉਸਤਤ ਕਰੋ) ਅਸੀਂ ਉਸ ਦੇ

ਅਨੁਸਾਰ **ਜੀਉਂਦੇ** ਹਾਂ। (**ਉਹ** ਪਵਿੱਤਰ ਹੈ, ਇਸ ਲਈ ਸਾਨੂੰ ਪਵਿੱਤਰ ਹੋਣਾ ਚਾਹੀਦਾ ਹੈ; **ਉਹ ਭਲਾ ਹੈ**, ਇੱਕ ਦੂਜੇ ਨਾਲ ਚੰਗੇ ਬਣਨ ਲਈ। ਸਾਨੂੰ ਆਪਣੇ ਭਲੇ ਪਰਮੇਸ਼ੁਰ ਦੀ ਸਮਾਨਤਾ ਵਿੱਚ ਰਹਿਣਾ) ਅਤੇ ਵਿਹਾਰ ਕਰਨਾ ਚਾਹੀਦਾ ਹੈ ਅਤੇ ਸਾਨੂੰ ਉਸਦੀ ਸੰਪੂਰਨਤਾ ਦਾ ਤਜੁਰਬਾ ਕਰਨਾ ਚਾਹੀਦਾ ਹੈ ਜਿਵੇਂ ਉਹ ਹੈ। (ਉਹ ਚਾਹੁੰਦਾ ਹੈ ਕਿ ਸਾਡੇ ਕੋਲ ਉਸਦੀ ਸੰਪੂਰਨਤਾ ਹੋਵੇ)। *"ਉਸ ਦੀ ਭਰਪੂਰੀ ਵਿੱਚੋਂ ਅਸਾਂ ਸਭਨਾਂ ਨੇ ਪਾਇਆ, ਕਿਰਪਾ ਉੱਤੇ ਕਿਰਪਾ"* (ਯੂਹੰਨਾ 1:16)।

ਅਸੀਂ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੀ ਭਲਿਆਈ ਦਾ ਤਜੁਰਬਾ ਕਰ ਸਕਦੇ ਹਾਂ। *"ਸੱਚਮੁੱਚ ਭਲਿਆਈ ਅਰ ਦਯਾ ਜੀਉਣ ਭਰ ਮੇਰਾ ਪਿੱਛਾ ਕਰਨਗੀਆਂ,"* (ਜ਼ਬੂਰਾਂ 23:6ੳ)।

# ਕੀ ਤੁਸੀਂ ਉਸ ਪਰਮੇਸ਼ੁਰ ਨੂੰ ਜਾਣਦੇ ਹੋ ਜਿਹੜਾ ਤੁਹਾਨੂੰ ਪਿਆਰ ਕਰਦਾ ਹੈ?

ਲੱਗਭੱਗ 2000 ਸਾਲ ਪਹਿਲਾਂ, ਪਰਮੇਸ਼ੁਰ ਮਨੁੱਖ ਦੇ ਰੂਪ ਵਿੱਚ ਇਸ ਸੰਸਾਰ ਵਿੱਚ ਆਇਆ ਸੀ। ਉਸਦਾ ਨਾਮ ਯਿਸੂ ਹੈ। ਉਹ ਪੂਰੀ ਤਰ੍ਹਾਂ ਪਾਪ ਰਹਿਤ ਜੀਵਨ ਬਤੀਤ ਕਰਦਾ ਸੀ, ਕਿਉਂਕਿ ਯਿਸੂ ਮਨੁੱਖੀ ਸਰੀਰ ਵਿੱਚ ਪਰਮੇਸ਼ੁਰ ਸੀ, ਜੋ ਉਸਨੇ ਕਿਹਾ ਅਤੇ ਕੀਤਾ ਉਸ ਦੁਆਰਾ ਸਾਡੇ ਵਿਚਕਾਰ ਪਰਮੇਸ਼ੁਰ ਨੂੰ ਪ੍ਰਗਟ ਕਰਦਾ ਸੀ। ਉਸ ਨੇ ਜੋ ਸ਼ਬਦ ਬੋਲੇ, ਉਹ ਖ਼ੁਦ ਪਰਮੇਸ਼ੁਰ ਦੇ ਸ਼ਬਦ ਸਨ। ਉਨ੍ਹਾਂ ਨੇ ਜੋ ਕੰਮ ਕੀਤਾ ਉਹ ਪਰਮੇਸ਼ੁਰ ਦਾ ਕੰਮ ਸੀ। ਯਿਸੂ ਨੇ ਇਸ ਧਰਤੀ ਉੱਤੇ ਬਹੁਤ ਸਾਰੇ ਚਮਤਕਾਰ ਕੀਤੇ। ਉਸ ਨੇ ਬਿਮਾਰਾਂ ਅਤੇ ਦੁਖੀਆਂ ਨੂੰ ਚੰਗਾ ਕੀਤਾ। ਅੰਨ੍ਹਿਆਂ ਨੂੰ ਅੱਖਾਂ ਦਿੱਤੀਆਂ, ਬੋਲਿਆਂ ਦੇ ਕੰਨ ਖੋਲ੍ਹੇ, ਲੰਗੜਿਆਂ ਨੂੰ ਚਲਾਇਆ ਅਤੇ ਹਰ ਤਰ੍ਹਾਂ ਦੀ ਬਿਮਾਰੀ ਅਤੇ ਰੋਗ ਨੂੰ ਚੰਗਾ ਕੀਤਾ। ਉਸ ਨੇ ਚਮਤਕਾਰੀ ਢੰਗ ਨਾਲ ਕਈਆਂ ਨੂੰ ਰੋਟੀਆਂ ਨਾਲ ਖੁਆਇਆ। ਤੂਫਾਨ ਨੂੰ ਸ਼ਾਂਤ ਕੀਤਾ ਅਤੇ ਹੋਰ ਬਹੁਤ ਸਾਰੇ ਅਦਭੁੱਤ ਕੰਮ ਕੀਤੇ।

**ਇਹ ਸਾਰੀਆਂ ਕਾਰਵਾਈਆਂ ਸਾਡੇ 'ਤੇ ਪ੍ਰਗਟ ਕਰਦੀਆਂ ਹਨ ਕਿ ਪਰਮੇਸ਼ੁਰ ਇੱਕ ਚੰਗਾ ਪਰਮੇਸ਼ੁਰ ਹੈ ਜੋ ਚਾਹੁੰਦਾ ਹੈ ਕਿ ਇਨਸਾਨ ਚੰਗੇ, ਸਿਹਤਮੰਦ ਅਤੇ ਖੁਸ਼ ਰਹਿਣ। ਪਰਮੇਸ਼ੁਰ ਮਨੁੱਖ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨਾ ਚਾਹੁੰਦਾ ਹੈ।**

ਪਰਮੇਸ਼ੁਰ ਨੇ ਮਨੁੱਖ ਦੇ ਰੂਪ ਵਿੱਚ ਇਸ ਧਰਤੀ ਉੱਤੇ ਆਉਣ ਦਾ ਫੈਸਲਾ ਕਿਉਂ ਕੀਤਾ? ਯਿਸੂ ਇਸ ਸੰਸਾਰ ਵਿੱਚ ਕਿਉਂ ਆਇਆ?

ਅਸੀਂ ਸਾਰਿਆਂ ਨੇ ਪਾਪ ਕੀਤਾ ਹੈ ਅਤੇ ਉਹ ਕੰਮ ਕੀਤੇ ਹਨ ਜਿਹੜੇ ਉਸ ਪਰਮੇਸ਼ੁਰ ਦੇ ਅੱਗੇ ਮਨਜ਼ੂਰ ਨਹੀਂ ਹਨ ਜਿਸਨੇ ਸਾਨੂੰ ਬਣਾਇਆ ਹੈ। ਪਾਪ ਦੇ ਨਤੀਜੇ ਹਨ, ਪਾਪ ਪਰਮੇਸ਼ੁਰ ਅਤੇ ਸਾਡੇ ਵਿਚਕਾਰ ਇੱਕ ਵੱਡੀ ਕੰਧ ਖੜ੍ਹੀ ਕਰਦਾ ਹੈ। ਪਾਪ ਸਾਨੂੰ ਪਰਮੇਸ਼ੁਰ ਤੋਂ ਵੱਖ ਕਰਦਾ ਹੈ। ਇਹ ਸਾਨੂੰ ਉਸ ਨੂੰ ਜਾਣਨ ਅਤੇ ਉਸ ਨਾਲ ਇੱਕ ਅਰਥਪੂਰਨ ਰਿਸ਼ਤਾ ਰੱਖਣ ਤੋਂ ਰੋਕਦਾ ਹੈ ਜਿਸਨੇ ਸਾਨੂੰ ਬਣਾਇਆ ਹੈ। ਇਸ ਲਈ, ਸਾਡੇ ਵਿੱਚੋਂ ਬਹੁਤ ਸਾਰੇ ਇਸ ਖਾਲੀ ਥਾਂ ਨੂੰ ਹੋਰ ਚੀਜ਼ਾਂ ਨਾਲ ਭਰਨਾ ਚਾਹੁੰਦੇ ਹਨ।

ਸਾਡੇ ਪਾਪ ਦਾ ਇੱਕ ਹੋਰ ਨਤੀਜਾ ਇਹ ਹੈ ਕਿ ਅਸੀਂ ਹਮੇਸ਼ਾਂ ਲਈ ਪਰਮੇਸ਼ੁਰ ਤੋਂ ਵੱਖ ਹੋ ਗਏ ਹਾਂ। ਪਰਮੇਸ਼ੁਰ ਦੀ ਅਦਾਲਤ ਵਿੱਚ, ਪਾਪ ਦੀ ਸਜ਼ਾ ਮੌਤ ਹੈ। ਮੌਤ ਪਰਮੇਸ਼ੁਰ ਤੋਂ ਸਦੀਪਕ ਵਿਛੋੜਾ ਹੈ ਜੋ ਸਾਨੂੰ ਨਰਕ ਵਿੱਚ ਬਿਤਾਉਣਾ ਪਏਗਾ।

ਪਰ ਚੰਗੀ ਖ਼ਬਰ ਇਹ ਹੈ ਕਿ ਅਸੀਂ ਪਾਪ ਤੋਂ ਮੁਕਤ ਹੋ ਸਕਦੇ ਹਾਂ ਅਤੇ ਪਰਮੇਸ਼ੁਰ ਨਾਲ ਰਿਸ਼ਤਾ ਜੋੜ ਸਕਦੇ ਹਾਂ। ਬਾਈਬਲ ਕਹਿੰਦੀ ਹੈ, ***"ਪਾਪ ਦੀ ਮਜ਼ੂਰੀ ਤਾਂ ਮੌਤ ਹੈ ਪਰ ਪਰਮੇਸ਼ੁਰ ਦੀ ਬਖ਼ਸ਼ੀਸ਼ ਮਸੀਹ ਯਿਸੂ ਸਾਡੇ ਪ੍ਰਭੂ ਦੇ ਵਿੱਚ ਸਦੀਪਕ ਜੀਵਨ ਹੈ"*** **(ਰੋਮੀਆਂ 6:23)**। ਯਿਸੂ ਨੇ ਸਾਰੀ ਦੁਨੀਆਂ ਦੇ ਪਾਪਾਂ ਦੀ ਕੀਮਤ ਅਦਾ ਕੀਤੀ

ਜਦੋਂ ਉਹ ਸਲੀਬ ਉੱਤੇ ਮਰਿਆ। ਫਿਰ, ਤੀਜੇ ਦਿਨ ਉਹ ਜੀਉਂਦਾ ਹੋ ਗਿਆ ਅਤੇ ਆਪਣੇ ਆਪ ਨੂੰ ਬਹੁਤਿਆਂ ਨੂੰ ਜੀਉਂਦਾ ਦਿਖਾਇਆ ਅਤੇ ਫਿਰ ਸਵਰਗ ਨੂੰ ਵਾਪਿਸ ਚਲਾ ਗਿਆ।

ਪਰਮੇਸ਼ੁਰ ਪਿਆਰ ਅਤੇ ਦਇਆ ਦਾ ਪਰਮੇਸ਼ੁਰ ਹੈ। ਉਹ ਨਹੀਂ ਚਾਹੁੰਦਾ ਕਿ ਕੋਈ ਵੀ ਨਰਕ ਵਿੱਚ ਨਾਸ਼ ਹੋਵੇ। ਇਸ ਲਈ, ਉਹ ਸਾਰੀ ਮਨੁੱਖਜਾਤੀ ਨੂੰ ਪਾਪ ਅਤੇ ਇਸ ਦੇ ਸਦੀਪਕ ਨਤੀਜਿਆਂ ਤੋਂ ਛੁਡਾਉਣ ਲਈ ਆਇਆ ਸੀ। ਉਹ ਪਾਪੀਆਂ ਨੂੰ ਬਚਾਉਣ ਲਈ ਆਇਆ ਸੀ—ਤੁਹਾਡੇ ਅਤੇ ਮੇਰੇ ਵਰਗੇ ਲੋਕਾਂ ਨੂੰ ਪਾਪ ਅਤੇ ਸਦੀਪਕ ਮੌਤ ਤੋਂ ਬਚਾਉਣ ਲਈ ਆਇਆ ਸੀ।

ਪਾਪ ਦੀ ਮੁਫ਼ਤ ਮਾਫ਼ੀ ਪ੍ਰਾਪਤ ਕਰਨ ਲਈ, ਬਾਈਬਲ ਸਾਨੂੰ ਦੱਸਦੀ ਹੈ ਕਿ ਸਾਨੂੰ ਸਿਰਫ਼ ਉਹੀ ਕਰਨਾ ਹੈ—ਜੋ ਉਸਨੇ ਸਲੀਬ ਉੱਤੇ ਕੀਤਾ ਸੀ ਅਤੇ ਉਸ ਵਿੱਚ ਆਪਣੇ ਸਾਰੇ ਦਿਲਾਂ ਨਾਲ ਵਿਸ਼ਵਾਸ ਕਰਨਾ ਹੈ।

***"... ਕਿ ਜੋ ਕੋਈ ਉਹ ਦੇ ਉੱਤੇ ਨਿਹਚਾ ਕਰੇ ਸੋ ਉਹ ਦੇ ਨਾਮ ਕਰਕੇ ਪਾਪਾਂ ਦੀ ਮਾਫ਼ੀ ਪਾਵੇਗਾ"*** **(ਰਸੂਲਾਂ ਦੇ ਕਰਤੱਬ 10:43)।**

***"ਕਿਉਂਕਿ ਜੇ ਤੂੰ ਆਪਣੇ ਮੂੰਹ ਨਾਲ ਪ੍ਰਭੂ ਯਿਸੂ ਦਾ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇਂ ਜੋ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ"*** **(ਰੋਮੀਆਂ 10:9)।**

ਜੇਕਰ ਤੁਸੀਂ ਪ੍ਰਭੂ ਮਸੀਹ ਵਿੱਚ ਵਿਸ਼ਵਾਸ ਕਰਦੇ ਹੋ ਤਾਂ ਤੁਸੀਂ ਵੀ ਆਪਣੇ ਪਾਪਾਂ ਤੋਂ ਮਾਫ਼ੀ ਅਤੇ ਛੁਟਕਾਰਾ ਪਾ ਸਕਦੇ ਹੋ।

ਇਹ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰਨ ਅਤੇ ਸਲੀਬ ਦੇ ਕੰਮ ਵਿੱਚ ਵਿਸ਼ਵਾਸ ਕਰਨ ਲਈ ਹੇਠਾਂ ਦਿੱਤੀ ਇੱਕ ਸਧਾਰਨ ਪ੍ਰਾਰਥਨਾ ਹੈ, ਜੋ ਪ੍ਰਭੂ ਯਿਸੂ ਮਸੀਹ ਨੇ ਤੁਹਾਡੇ ਲਈ ਕੀਤੀ ਸੀ। ਇਹ ਪ੍ਰਾਰਥਨਾ ਯਿਸੂ ਦੇ ਕੰਮ ਨੂੰ ਸਵੀਕਾਰ ਕਰਕੇ ਤੁਹਾਡੇ ਪਾਪਾਂ ਦੀ ਮਾਫ਼ੀ ਅਤੇ ਮੁਕਤੀ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰੇਗੀ। ਇਹ ਪ੍ਰਾਰਥਨਾ ਸਿਰਫ਼ ਇੱਕ ਅਗਵਾਈ ਹੈ। ਤੁਸੀਂ ਆਪਣੇ ਸ਼ਬਦਾਂ ਵਿੱਚ ਵੀ ਪ੍ਰਾਰਥਨਾ ਕਰ ਸਕਦੇ ਹੋ।

*ਪਿਆਰੇ ਪ੍ਰਭੂ ਯਿਸੂ, ਅੱਜ, ਮੈਂ ਸਮਝ ਗਿਆ ਹਾਂ ਕਿ ਤੁਸੀਂ ਸਲੀਬ ਉੱਤੇ ਮੇਰੇ ਲਈ ਕੀ ਕੀਤਾ ਸੀ। ਤੁਸੀਂ ਮੇਰੇ ਲਈ ਮਾਰੇ ਗਏ, ਤੁਸੀਂ ਆਪਣਾ ਕੀਮਤੀ ਖ਼ੂਨ ਵਹਾਇਆ ਅਤੇ ਮੇਰੇ ਪਾਪਾਂ ਦੀ ਕੀਮਤ ਅਦਾ ਕੀਤੀ ਤਾਂ ਜੋ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ ਮਿਲ ਸਕੇ। ਬਾਈਬਲ ਮੈਨੂੰ ਦੱਸਦੀ ਹੈ ਕਿ ਜੋ ਕੋਈ ਵੀ ਤੁਹਾਡੇ ਵਿੱਚ ਵਿਸ਼ਵਾਸ ਕਰਦਾ ਹੈ ਉਸਦੇ ਲਈ ਪਾਪਾਂ ਦੀ ਮਾਫ਼ੀ ਹੈ।*

*ਅੱਜ, ਮੈਂ ਤੁਹਾਡੇ ਵਿੱਚ ਵਿਸ਼ਵਾਸ ਕਰਨ ਦਾ ਫੈਸਲਾ ਕਰਦਾ ਹਾਂ ਅਤੇ ਜੋ ਤੁਸੀਂ*

ਮੇਰੇ ਲਈ ਕੀਤਾ ਹੈ ਉਸਨੂੰ ਕਬੂਲ ਕਰਨ ਦਾ ਫੈਸਲਾ ਕਰਦਾ ਹਾਂ, ਕਿ ਤੁਸੀਂ ਸਲੀਬ ਉੱਤੇ ਮਰ ਗਏ ਅਤੇ ਦੁਬਾਰਾ ਜੀਅ ਉੱਠੇ। ਮੈਂ ਜਾਣਦਾ ਹਾਂ ਕਿ ਮੈਂ ਚੰਗੇ ਕੰਮਾਂ ਦੁਆਰਾ ਆਪਣੇ ਆਪ ਨੂੰ ਨਹੀਂ ਬਚਾਅ ਸਕਦਾ। ਮੈਂ ਆਪਣੇ ਗ਼ੁਨਾਹਾਂ ਦੀ ਮਾਫ਼ੀ ਨਹੀਂ ਕਮਾ ਸਕਦਾ।

ਅੱਜ, ਮੈਂ ਆਪਣੇ ਦਿਲ ਵਿੱਚ ਵਿਸ਼ਵਾਸ ਕਰਦਾ ਹਾਂ ਅਤੇ ਆਪਣੇ ਮੂੰਹ ਨਾਲ ਕਹਿੰਦਾ ਹਾਂ ਕਿ ਤੁਸੀਂ ਮੇਰੇ ਲਈ ਮਾਰੇ ਗਏ ਹੋ। ਤੁਸੀਂ ਮੇਰੇ ਪਾਪਾਂ ਦੀ ਸਜ਼ਾ ਦਾ ਭੁਗਤਾਨ ਕੀਤਾ ਹੈ। ਤੁਸੀਂ ਮੁਰਦਿਆਂ ਵਿੱਚੋਂ ਜੀਅ ਉੱਠੇ ਹੋ ਅਤੇ ਤੁਹਾਡੇ ਵਿੱਚ ਵਿਸ਼ਵਾਸ ਕਰਕੇ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ ਅਤੇ ਪਾਪਾਂ ਤੋਂ ਛੁਟਕਾਰਾ ਮਿਲਦਾ ਹੈ।

ਪ੍ਰਭੂ ਯਿਸੂ ਤੁਹਾਡਾ ਧੰਨਵਾਦ। ਮੇਰੀ ਮਦਦ ਕਰੋ ਕਿ ਮੈਂ ਤੁਹਾਨੂੰ ਪਿਆਰ ਕਰ ਸਕਾਂ। ਤੁਹਾਨੂੰ ਹੋਰ ਜਾਣ ਸਕਾਂ ਅਤੇ ਤੁਹਾਡੇ ਪ੍ਰਤੀ ਵਿਸ਼ਵਾਸਯੋਗ ਰਹਾਂ। ਆਮੀਨ।

# ਆਲ ਪੀਪਲਜ਼ ਚਰਚ ਦੇ ਬਾਰੇ

ਆਲ ਪੀਪਲਜ਼ ਚਰਚ ਦਾ ਦਰਸ਼ਨ ਬੈਂਗਲੋਰ ਸ਼ਹਿਰ ਵਿੱਚ ਲੂਣ ਅਤੇ ਚਾਨਣ ਬਣਨਾ, ਅਤੇ ਪੂਰੇ ਦੇਸ਼ ਅਤੇ ਸੰਸਾਰ ਦੇ ਰਾਸ਼ਟਰਾਂ ਦੇ ਲਈ ਇੱਕ ਅਵਾਜ਼ ਬਣਨਾ ਹੈ।

ਆਲ ਪੀਪਲਜ਼ ਚਰਚ **ਯਿਸੂ ਨੂੰ ਪਿਆਰ ਕਰਨ ਵਾਲੀ, ਵਚਨ 'ਤੇ ਕੇਂਦਰਿਤ**, **ਆਤਮਾ ਨਾਲ ਭਰਪੂਰ**, ਪਰਿਵਾਰਿਕ ਚਰਚ, ਸਿਖਲਾਈ ਕੇਂਦਰ, ਇੱਕ ਉਦੇਸ਼ਾਂ 'ਤੇ ਅਧਾਰਿਤ ਅਤੇ ਸੰਸਾਰ ਵਿੱਚ ਪ੍ਰਚਾਰ ਕਰਨ ਵਾਲੀ ਕਲੀਸਿਆ ਹੈ।

- ਇੱਕ **ਪਰਿਵਾਰਿਕ ਕਲੀਸਿਆ** ਦੇ ਤੌਰ 'ਤੇ, ਅਸੀਂ ਮਸੀਹ 'ਤੇ ਕੇਂਦਰਿਤ, ਸਮਾਜ ਦੀ ਸੇਵਾ ਕਰਨ ਅਤੇ ਧਿਆਨ ਰੱਖਣ ਵਾਲੇ ਪਰਮੇਸ਼ੁਰ ਦੇ ਝੁੰਡ ਦੇ ਰੂਪ ਵਿੱਚ ਮਿਲ ਕੇ ਵੱਧ ਰਹੇ ਹਾਂ।
- ਇੱਕ **ਸਿਖਲਾਈ ਕੇਂਦਰ** ਦੇ ਤੌਰ 'ਤੇ, ਅਸੀਂ ਹਰੇਕ ਵਿਸ਼ਵਾਸੀ ਨੂੰ ਜੇਤੂ, ਮਸੀਹ ਦੀ ਸਮਾਨਤਾ ਵਿੱਚ ਸਿਆਣੇ ਅਤੇ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੇ ਮਕਸੱਦ ਨੂੰ ਪੂਰਾ ਕਰਨ ਦੇ ਸਮਰੱਥ ਅਤੇ ਯੋਗ ਬਣਾਉਂਦੇ ਹਾਂ।
- ਇੱਕ **ਮਿਸ਼ਨ ਅਧਾਰ** ਦੇ ਤੌਰ 'ਤੇ, ਅਸੀਂ ਸਾਡੇ ਸ਼ਹਿਰ, ਦੇਸ਼ ਅਤੇ ਵਿਦੇਸ਼ਾਂ ਨੂੰ ਪਰਮੇਸ਼ੁਰ ਦੇ ਵਚਨ ਅਤੇ ਪਵਿੱਤਰ ਆਤਮਾ ਦੇ ਅਲੌਕਿਕ ਪ੍ਰਗਟੀਕਰਣ ਦੀ ਸ਼ਕਤੀ ਦੁਆਰਾ ਮਸੀਹ ਦੀ ਪੂਰਨ ਖ਼ੁਸ਼ਖਬਰੀ ਨਾਲ ਬਰਕਤ ਦੇਣ ਦਾ ਕੰਮ ਕਰਦੇ ਹਾਂ।
- ਇੱਕ **ਵਰਲਡ ਆਊਟਰਿਚ** ਦੇ ਤੌਰ 'ਤੇ, ਅਸੀਂ ਸਥਾਨਕ ਅਤੇ ਵਿਸ਼ਵ-ਪੱਧਰ 'ਤੇ ਖਰ੍ਹੇ ਆਗੂਆਂ ਅਤੇ ਆਤਮਾ ਨਾਲ ਭਰਪੂਰ ਕਲੀਸਿਆਵਾਂ ਨੂੰ ਪੋਸ਼ਣ ਦੇਣ ਦੀ ਸੇਵਾ ਕਰਦੇ ਹਾਂ ਜੋ ਕਿ ਪਰਮੇਸ਼ੁਰ ਦੇ ਰਾਜ ਲਈ ਆਪਣੇ ਇਲਾਕਿਆਂ 'ਤੇ ਪ੍ਰਭਾਵਸ਼ਾਲੀ ਹੋ ਸਕਣ।

ਏ ਪੀ ਸੀ ਵਿੱਚ, ਅਸੀਂ ਪਰਮੇਸ਼ੁਰ ਦਾ ਵਚਨ ਬਿਨ੍ਹਾਂ ਕਿਸੇ ਸਮਝੌਤੇ ਦੇ, ਪਵਿੱਤਰ ਆਤਮਾ ਦੇ ਮਸਹ ਅਤੇ ਪ੍ਰਕਾਸ਼ ਦੇ ਨਾਲ ਪੇਸ਼ ਕਰਨ ਲਈ ਸਮਰਪਿਤ ਹਾਂ। ਸਾਡਾ ਵਿਸ਼ਵਾਸ ਹੈ ਕਿ ਚੰਗਾ ਸੰਗੀਤ, ਰਚਨਾਤਮਕ ਪੇਸ਼ਗੀ, ਅਕਲਮੰਦੀ ਨਾਲ ਪੱਖ ਸਮਰਥਨ, ਸਮਕਾਲੀ ਸੇਵਕਾਈਆਂ ਦੀਆਂ ਤਕਨੀਕਾਂ, ਆਧੁਨਿਕ ਟੈਕਨਾਲੋਜੀ ਆਦਿ ਪਵਿੱਤਰ ਆਤਮਾ ਦੇ ਚਿੰਨ੍ਹਾਂ, ਚਮਤਕਾਰਾਂ, ਅਦਭੁੱਤ ਕੰਮਾਂ ਅਤੇ ਪਵਿੱਤਰ ਆਤਮਾ ਦੇ ਵਰਦਾਨਾਂ ਨਾਲ ਵਚਨ ਦੀ ਮੁਨਾਦੀ ਕਰਨ ਵਾਲੇ ਪਰਮੇਸ਼ੁਰ ਦੁਆਰਾ ਨਿਯੁਕਤ ਕੀਤੇ ਗਏ ਤਰੀਕੇ ਦਾ ਥਾਂ ਨਹੀਂ ਲੈ ਸਕਦੇ (1 ਕੁਰਿੰਥੀਆਂ 2:4,5; ਇਬਰਾਨੀਆਂ 2:3,4)। ਸਾਡਾ ਵਿਸ਼ਾ ਯਿਸੂ ਹੈ, ਸਾਡੇ ਵਿਸ਼ੇ ਦਾ ਉਦੇਸ਼ ਵਚਨ ਹੈ, ਸਾਡਾ ਤਰੀਕਾ ਪਵਿੱਤਰ ਆਤਮਾ ਦੀ ਸਮਰੱਥਾ ਹੈ, ਸਾਡਾ ਜਨੂੰਨ ਲੋਕ ਹਨ ਅਤੇ ਸਾਡਾ ਮਕਸੱਦ ਮਸੀਹ ਦੇ ਸਰੂਪ ਵਿੱਚ ਸਿੱਧ ਬਣਨਾ ਹੈ।

ਸਾਡਾ ਮੁੱਖ ਦਫ਼ਤਰ ਬੈਂਗਲੋਰ ਵਿਖੇ ਹੈ, ਪਰ ਆਲ ਪੀਪਲਜ਼ ਚਰਚ ਦੀਆਂ ਭਾਰਤ ਵਿੱਚ ਹੋਰ ਕਈ ਥਾਵਾਂ 'ਤੇ ਸ਼ਾਖਾਵਾਂ ਹਨ। ਆਲ ਪੀਪਲਜ਼ ਚਰਚ ਦੀ ਵਰਤਮਾਨ ਸੂਚੀ ਅਤੇ ਸੰਪਰਕ ਸੂਚਨਾ ਦੇ ਲਈ, ਕਿਰਪਾ ਕਰਕੇ ਸਾਡੀ ਵੈੱਬਸਾਈਟ **apcwo.org/locations** ਜਾਂ ਸਾਨੂੰ **contact@apcwo.org** 'ਤੇ ਈ-ਮੇਲ ਭੇਜੋ।

# ਮੁਫ਼ਤ ਪ੍ਰਕਾਸ਼ਨ

A Church in Revival
A Real Place Called Heaven
A Time for Every Purpose
Ancient Landmarks
Baptism in the Holy Spirit
Being Spiritually Minded and Earthly Wise
Biblical Attitude Towards Work
Breaking Personal and Generational Bondages Change
Code of Honor
Divine Favor
Divine Order in the Citywide Church
Don't Compromise Your Calling
Don't Lose Hope
Equipping the Saints
Foundations (Track 1)
Fulfilling God's Purpose for Your Life
Gifts of the Holy Spirit
Giving Birth to the Purposes of God
God Is a Good God
God's Word—The Miracle Seed
How to Help Your Pastor
Integrity
Kingdom Builders
Laying the Axe to the Root
Living Life Without Strife
Marriage and Family
Ministering Healing and Deliverance
Offenses-Don't Take Them
Open Heavens
Our Redemption
Receiving God's Guidance
Revivals, Visitations and Moves of God
Shhh! No Gossip!
Speak Your Faith
The Conquest of the Mind
The Father's Love
The House of God
The Kingdom of God
The Mighty Name of Jesus
The Night Seasons of Life
The Power of Commitment
The Presence of God
The Redemptive Heart of God
The Refiner's Fire
The Spirit of Wisdom, Revelation and Power
The Wonderful Benefits of Speaking in Tongues
Timeless Principles for the Workplace
Understanding the Prophetic
Water Baptism
We Are Different
Who We Are in Christ
Women in the Workplace
Work Its Original Design

ਸਾਡੀਆਂ ਨਵੀਆਂ ਪੁਸਤਕਾਂ ਲਗਾਤਾਰ ਜਾਰੀ ਹੁੰਦੀਆਂ ਰਹਿੰਦੀਆਂ ਹਨ। ਪੁਸਤਕਾਂ ਨੂੰ ਪੀ ਡੀ ਐੱਫ ਆਡੀਓ ਅਤੇ ਦੂਸਰੇ ਫਾਰਮੈਟਾਂ ਵਿੱਚ ਮੁਫ਼ਤ ਪ੍ਰਾਪਤ ਕਰਨ ਦੇ ਲਈ ਸਾਡੀ ਵੈੱਬਸਾਈਟ **apcwo.org/books** ਤੋਂ ਡਾਊਨਲੋਡ ਕਰੋ। ਇਹ ਸਾਰੀਆਂ ਕਿਤਾਬਾਂ ਹੋਰ ਭਾਸ਼ਾਵਾਂ ਵਿੱਚ ਵੀ ਉਪਲੱਬਧ ਹਨ। ਮੁਫ਼ਤ ਆਡੀਓ ਅਤੇ ਵੀਡੀਓ ਪ੍ਰਚਾਰ, ਪ੍ਰਚਾਰ ਦੀਆਂ ਟਿੱਪਣੀਆਂ ਅਤੇ ਹੋਰ ਵਾਧੂ ਸਾਧਨਾਂ ਨੂੰ ਪ੍ਰਾਪਤ ਕਰਨ ਦੇ ਲਈ ਤੁਸੀਂ **apcwo.org/sermons** ਤੋਂ ਡਾਊਨਲੋਡ ਕਰ ਸਕਦੇ ਹੋ।

# ਕ੍ਰਿਸਲਿਸ ਕਾਊਂਸਲਿੰਗ

ਕ੍ਰਿਸਲਿਸ ਕਾਊਂਸਲਿੰਗ ਵਿਅਕਤੀਗਤ ਤੌਰ 'ਤੇ ਸਲਾਹ ਮਸ਼ਵਰਾ ਦੇ ਕੇ ਲੋਕਾਂ ਦੀ ਮਦਦ ਕਰਦੀ ਹੈ ਤਾਂ ਕਿ ਉਹ ਆਪਣੀ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਉਨ੍ਹਾਂ ਉੱਪਰ ਜਿੱਤ ਪ੍ਰਾਪਤ ਕਰਨ। ਕ੍ਰਿਸਲਿਸ ਕਾਊਂਸਲਿੰਗ ਪੇਸ਼ੇਵਰ ਸਿਖਲਾਈ ਪਾਏ ਅਤੇ ਤਜ਼ਰਬੇਕਾਰ ਸਲਾਹਕਾਰਾਂ ਦੀ ਇੱਕ ਟੀਮ ਹੈ।

ਸਾਡੀਆਂ ਸੇਵਾਵਾਂ ਹਰ ਉਮਰ ਦੇ ਲੋਕਾਂ ਦੀਆਂ ਜ਼ਿੰਦਗੀਆਂ ਦੀਆਂ ਸਭ ਤਰ੍ਹਾਂ ਦੀਆਂ ਚੁਣੌਤੀਆਂ ਦਾ ਹੱਲ ਕਰਨ ਬਾਰੇ ਹਨ।

**ਕਿਸ਼ੋਰਾਂ ਲਈ**

**ਵਿਅਕਤੀਗਤ ਤਬਦੀਲੀਆਂ**

**ਰਿਸ਼ਤਿਆਂ ਦੀਆਂ ਚੁਣੌਤੀਆਂ**

**ਵਿੱਦਿਅਕ ਘੱਟ ਪ੍ਰਾਪਤੀਆਂ**

**ਕੰਮਕਾਜੀ ਮੁੱਦੇ**

**ਪਰਿਵਾਰ/ਪਤੀ-ਪਤਨੀ: ਵਿਆਹ ਤੋਂ ਪਹਿਲਾਂ, ਵਿਆਹੁਤਾ**

**ਮਾਪੇ/ਬੱਚੇ/ ਭੈਣ-ਭਰਾ/ਹਾਣੀ**

**ਵਿਹਾਰ ਵਿੱਚ ਗੜਬੜੀਆਂ**

**ਸ਼ਖਸੀਅਤ ਸੰਬੰਧੀ ਗੜਬੜੀਆਂ**

**ਮਨੋਵਿਗਿਆਨਿਕ/ਭਾਵਨਾਤਮਕ ਸਮੱਸਿਆਵਾਂ**

**ਤਨਾਅ/ਸਦਮਾ**

**ਸ਼ਰਾਬਖੋਰੀ/ਨਸ਼ਾਖੋਰੀ, ਆਤਮਿਕ ਮੁੱਦੇ**

**ਜੀਵਨ ਸਿਖਲਾਈ**

ਕ੍ਰਿਸਲਿਸ ਕਾਊਂਸਲਿੰਗ ਦੀਆਂ ਸੇਵਾਵਾਂ ਪਹੁੰਚ ਯੋਗ ਅਤੇ ਕਿਫ਼ਾਇਤੀ ਹਨ। ਸਾਡੇ ਤਜ਼ਰਬੇਕਾਰਾਂ ਨਾਲ ਮਿਲਣ ਦੀ ਸਾਰਨੀ ਲੈਣ ਲਈ:

**ਵੈੱਬਸਾਈਟ: chrysalislife.org**
**ਫੋਨ:** +91-80-25452617 ਜਾਂ (ਭਾਰਤ ਵਿੱਚ) ਟੋਲ-ਫ੍ਰੀ 1-800-300-00998
**ਈ-ਮੇਲ: counselor@chrysalislife.org**

ਕ੍ਰਿਸਲਿਸ ਕਾਊਂਸਲਿੰਗ ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰਿਚ ਦੀ ਇੱਕ ਸੇਵਕਾਈ ਹੈ।

# ਆਲ ਪੀਪਲਜ਼ ਚਰਚ ਨਾਲ ਸਾਂਝੇਦਾਰੀ ਕਰੋ

ਆਲ ਪੀਪਲਜ਼ ਚਰਚ ਸਥਾਨਕ ਕਲੀਸਿਆ ਦੇ ਰੂਪ ਵਿੱਚ ਪੂਰੇ ਭਾਰਤ ਵਿੱਚ ਖ਼ੁਸ਼ਖਬਰੀ ਦਾ ਪ੍ਰਚਾਰ ਕਰਦੇ ਹੋਏ, ਖ਼ਾਸ ਕਰਕੇ ਉੱਤਰੀ ਭਾਰਤ ਵਿੱਚ, ਉਸ ਦੀਆਂ ਹੱਦਾਂ ਤੋਂ ਬਾਹਰ ਸੇਵਾ ਕਰਦੀ ਹੈ। ਉਸਦਾ ਖਾਸ ਉਦੇਸ਼ (ੳ) ਆਗੂਆਂ ਨੂੰ ਦ੍ਰਿੜ੍ਹ ਕਰਨਾ (ਅ) ਜਵਾਨਾਂ ਨੂੰ ਸੇਵਕਾਈ ਲਈ ਉਤਸ਼ਾਹਿਤ ਕਰਨਾ (ੲ) ਮਸੀਹ ਦੀ ਦੇਹ ਦੀ ਉੱਨਤੀ ਕਰਨਾ ਹੈ। ਜਵਾਨਾਂ ਲਈ ਕਈ ਸਿੱਖਿਆ ਸੰਮੇਲਨ, ਮਸੀਹੀ ਆਗੂਆਂ ਲਈ ਸਭਾਵਾਂ ਦਾ ਸਾਲ ਭਰ ਆਯੋਜਨ ਕੀਤਾ ਜਾਂਦਾ ਹੈ। ਇਸਦੇ ਦੌਰਾਨ ਕਿਤਾਬਾਂ ਦੀਆਂ ਕਈ ਹਜ਼ਾਰ ਕਾਪੀਆਂ ਅੰਗਰੇਜ਼ੀ ਵਿੱਚ ਅਤੇ ਹੋਰ ਕਈ ਭਾਰਤੀ ਭਾਸ਼ਾਵਾਂ ਵਿੱਚ ਬਿਨ੍ਹਾਂ ਕਿਸੇ ਮੁੱਲ ਦੇ ਵੰਡੀਆਂ ਜਾਂਦੀਆਂ ਹਨ, ਉਸ ਦੇ ਪਿੱਛੇ ਇਹ ਉਦੇਸ਼ ਹੈ ਕਿ ਵਿਸ਼ਵਾਸੀਆਂ ਨੂੰ ਵਚਨ ਅਤੇ ਆਤਮਾ ਵਿੱਚ ਤਰੱਕੀ ਪ੍ਰਦਾਨ ਕਰੇ।

ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਇੱਕ ਸਮੇਂ ਦਾ ਦਾਨ ਭੇਜ ਕੇ ਜਾਂ ਮਹੀਨਾਵਾਰ ਆਰਥਿਕ ਦਾਨ ਭੇਜ ਕੇ ਆਰਥਿਕ ਰੂਪ ਵਿੱਚ ਸਾਡੇ ਨਾਲ ਸਾਂਝੇਦਾਰੀ ਕਰੋ। ਪੂਰੇ ਰਾਸ਼ਟਰ ਵਿੱਚ ਇਸ ਕੰਮ ਲਈ ਜੋ ਵੀ ਰਕਮ ਤੁਸੀਂ ਭੇਜ ਸਕਦੇ ਹੋ, ਉਸਦੇ ਪ੍ਰਤੀ ਅਸੀਂ ਤੁਹਾਡੇ ਧੰਨਵਾਦੀ ਰਹਾਂਗੇ।

ਤੁਸੀਂ ਆਪਣੇ ਦਾਨ ਚੈੱਕ / ਬੈਂਕ ਡ੍ਰਾਫਟ ਦੇ ਮਾਧਿਅਮ ਨਾਲ "ਆਲ ਪੀਪਲਜ਼ ਚਰਚ" ਦੇ ਨਾਮ ਉੱਤੇ ਸਾਡੇ ਦਫ਼ਤਰ ਦੇ ਪਤੇ ਉੱਤੇ ਭੇਜ ਸਕਦੇ ਹੋ ਜਾਂ ਸਾਡੇ ਬੈਂਕ ਖਾਤੇ ਦੇ ਵੇਰਵੇ ਦੀ ਵਰਤੋਂ ਕਰਕੇ ਤੁਸੀਂ ਆਪਣਾ ਯੋਗਦਾਨ ਸਿੱਧਾ ਬੈਂਕ ਵਿੱਚ ਪਾ ਸਕਦੇ ਹੋ।

**Account Name:** All People Church
**Account Number:** 50200068829058
**IFSC Code:** HDFC0004367
**Bank:** HDFC Bank, 7M/308 80 Ft Rd, HRBR Layout, Kalyan Nagar, Bengaluru, 560043, Karnataka, India

**ਕਿਰਪਾ ਕਰਕੇ ਧਿਆਨ ਦਿਓ:** *ਆਲ ਪੀਪਲਜ਼ ਚਰਚ ਸਿਰਫ਼ ਭਾਰਤੀ ਨਾਗਰਿਕਾਂ ਦੇ ਬੈਂਕ ਯੋਗਦਾਨ ਸਵੀਕਾਰ ਕਰਦੀ ਹੈ। ਆਪਣਾ ਯੋਗਦਾਨ ਭੇਜਦੇ ਸਮੇਂ, ਤੁਸੀਂ ਸਪੱਸ਼ਟ ਰੂਪ ਨਾਲ ਲਿਖੋ ਕਿ ਤੁਸੀਂ ਏ ਪੀ ਸੀ ਸੇਵਕਾਈ ਦੇ ਕਿਸ ਖੇਤਰ ਲਈ ਦਾਨ ਭੇਜਣਾ ਚਾਹੁੰਦੇ ਹੋ। ਹੋਰ ਜਾਣਕਾਰੀ ਲਈ ਕਿਰਪਾ ਕਰਕੇ* **apcwo.org/give** *'ਤੇ ਆਓ।*


ਇਸੇ ਤਰ੍ਹਾਂ, ਸਾਡੇ ਲਈ ਅਤੇ ਸਾਡੀ ਸੇਵਕਾਈ ਲਈ ਜਦੋਂ ਵੀ ਹੋ ਸਕੇ ਪ੍ਰਾਰਥਨਾ ਕਰਨਾ ਨਾ ਭੁੱਲੋ। **ਧੰਨਵਾਦ, ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ!**

## DOWNLOAD THE FREE APP!

*Search for*
"All Peoples Church Bangalore"
in the App or Google play stores.

Available on the App Store

ANDROID APP ON Google play







*A daily 5-minute video devotional.*
*A daily Bible reading and prayer guide.*
*5-minute Sermon summary.*
*Toolkit with Scriptures on various topics to build faith and information to share the Gospel.*
*Resources with sermons, sermon notes, TV programs, books, music and more.*

*IF YOU LOVE IT, TELL OTHERS ABOUT IT!*

# ਆਲ ਪੀਪਲਜ਼ ਚਰਚ ਬਾਈਬਲ ਕਾਲਜ

apcbiblecollege.org

ਆਲ ਪੀਪਲਜ਼ ਚਰਚ ਬਾਈਬਲ ਕਾਲਜ ਅਤੇ ਸਿਖਲਾਈ ਕੇਂਦਰ ਬੈਂਗਲੋਰ, ਭਾਰਤ ਵਿੱਚ ਆਤਮਾ ਨਾਲ ਭਰਪੂਰ, ਮਸਹ ਭਰਪੂਰ, ਕਾਰਜਕਾਰੀ ਸੇਵਕਾਈ ਵਿੱਚ ਭਾਗੀਦਾਰੀ ਦੀ ਸਿਖਲਾਈ ਅਤੇ ਸਿਧਾਂਤਕ ਤੌਰ 'ਤੇ ਸਹੀ ਅਤੇ ਪਰਮੇਸ਼ੁਰ ਦੇ ਵਚਨ ਦੇ ਬੌਧਿਕ ਸਿਧਾਂਤ ਦੇ ਨਜ਼ਰੀਏ ਤੋਂ ਪ੍ਰੇਰਣਾਦਾਇਕ ਅਧਿਐਨ ਨਾਲ ਪਵਿੱਤਰ ਆਤਮਾ ਦੀ ਅਲੌਕਿਕ ਸਮਰੱਥ ਵਿੱਚ ਸੇਵਕਾਈ ਕਰਨ ਲਈ ਤਿਆਰ ਕਰਦਾ ਹੈ। ਅਸੀਂ ਸੇਵਕਾਈ ਦੀ ਮੁਕੰਮਲ ਸ਼ਖਸੀਅਤ ਦੇ ਵਿਕਾਸ ਵਿੱਚ ਵਿਸ਼ਵਾਸ ਕਰਦੇ ਹਾਂ ਅਤੇ ਖਰਾ ਚਾਲ ਚੱਲਣ, ਪਰਮੇਸ਼ੁਰ ਦੇ ਵਚਨ ਵਿੱਚ ਡੂੰਘੀ ਨੀਂਹ ਅਤੇ ਚਿੰਨ੍ਹ ਚਮਤਕਾਰਾਂ ਅਤੇ ਅਦਭੁੱਤ ਕੰਮ 'ਤੇ ਜ਼ੋਰ ਦਿੰਦੇ ਹਾਂ, ਇਹ ਸਭ ਪ੍ਰਭੂ ਦੇ ਨਾਲ ਨਜ਼ਦੀਕੀ ਰਿਸ਼ਤੇ ਤੋਂ ਹੀ ਪ੍ਰਵਾਹ ਹੁੰਦਾ ਹੈ।

ਆਲ ਪੀਪਲਜ਼ ਚਰਚ ਬਾਈਬਲ ਕਾਲਜ (APC-BC) ਵਿੱਚ ਖਰ੍ਹੀ ਸਿੱਖਿਆ ਤੋਂ ਇਲਾਵਾ ਅਸੀਂ ਪ੍ਰਤੱਖ ਤੌਰ 'ਤੇ ਪਰਮੇਸ਼ੁਰ ਦੇ ਪ੍ਰੇਮ, ਪਵਿੱਤਰ ਆਤਮਾ ਦੇ ਮਸਹ ਅਤੇ ਹਜ਼ੂਰੀ ਅਤੇ ਪਰਮੇਸ਼ੁਰ ਦੇ ਅਲੌਕਿਕ ਕੰਮਾਂ 'ਤੇ ਜ਼ੋਰ ਦਿੰਦੇ ਹਾਂ। ਬਹੁਤ ਸਾਰੇ ਜਵਾਨ ਪੁਰਖਾਂ ਅਤੇ ਇਸਤਰੀਆਂ ਨੂੰ ਸਿਖਲਾਈ ਦੇ ਕੇ ਆਪਣੇ ਜੀਵਨਾਂ ਵਿੱਚ ਪਰਮੇਸ਼ੁਰ ਦੀ ਬੁਲਾਹਟ ਨੂੰ ਪੂਰਾ ਕਰਨ ਲਈ ਭੇਜਿਆ ਗਿਆ ਹੈ।

ਅਸੀਂ ਤਿੰਨ ਤਰ੍ਹਾਂ ਦੀਆਂ ਡਿਗਰੀਆਂ ਦਿੰਦੇ ਹਾਂ:

- ਇੱਕ ਸਾਲ ਦਾ ਸਰਟੀਫ਼ਿਕੇਟ ਕੋਰਸ ਥਿਓਲੌਜੀ ਐਂਡ ਕ੍ਰਿਸ਼ਚਨ ਮਨਿਸਟਰੀ (C.Th.)
- ਦੋ ਸਾਲ ਦਾ ਡਿਪਲੋਮਾ ਕੋਰਸ ਥਿਓਲੌਜੀ ਐਂਡ ਕ੍ਰਿਸ਼ਚਨ ਮਨਿਸਟਰੀ (Dip.Th.)
- ਤਿੰਨ ਸਾਲ ਦਾ ਗ੍ਰੈਜੂਏਸ਼ਨ ਕੋਰਸ ਥਿਓਲੌਜੀ ਐਂਡ ਕ੍ਰਿਸ਼ਚਨ ਮਨਿਸਟਰੀ (B.Th.)

ਕਲਾਸਾਂ ਹਰ ਹਫ਼ਤੇ **ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਤੋਂ ਦੁਪਿਹਰ 1:00 ਵਜੇ ਤੱਕ (UTC+5:30)** ਲੱਗਦੀਆਂ ਹਨ। ਸਾਡੇ ਕੋਲ ਤਿੰਨ੍ਹ ਤਰ੍ਹਾਂ ਦੀਆਂ ਕਲਾਸਾਂ ਦੇ ਬਦਲ ਹਨ।

- **ਕੈਂਪਸ ਵਿੱਚ:** ਤੁਸੀਂ ਕੈਂਪਸ ਵਿੱਚ ਠਹਿਰ ਕੇ ਕਲਾਸਾਂ ਲੈ ਸਕਦੇ ਹੋ।
- **ਆਨਲਾਈਨ:** ਤੁਸੀਂ ਆਨਲਾਈਨ ਜਾ ਕੇ ਲਾਈਵ ਲੈਕਚਰ ਵੀ ਸੁਣ ਸਕਦੇ ਹੋ।
- **ਈ–ਲਰਨਿੰਗ:** ਤੁਸੀਂ **apcbiblecollege.org/elearn** 'ਤੇ ਆਨਲਾਈਨ ਜਾ ਕੇ ਖ਼ੁਦ ਵੀ ਪੜ੍ਹ ਸਕਦੇ ਹੋ।

**ਆਨਲਾਈਨ ਅਪਲਾਈ** ਕਰਨ ਅਤੇ ਕਾਲਜ, ਪਾਠਕ੍ਰਮ, ਯੋਗਤਾ ਫੀਸ ਬਾਰੇ ਜਾਣਕਾਰੀ ਲੈਣ ਅਤੇ ਐਪਲੀਕੇਸ਼ਨ ਫਾਰਮ ਡਾਊਨਲੋਡ ਕਰਨ ਲਈ ਕਿਰਪਾ ਕਰਕੇ **apcbiblecollege.org** ਵੇਖੋ।

ਪਰਮੇਸ਼ੁਰ ਬਾਰੇ ਸਾਡੀ ਤਸਵੀਰ ਵੱਖ ਵੱਖ ਸਰੋਤਾਂ ਤੋਂ "ਵਿਕਸਿਤ" ਹੁੰਦੀ ਹੈ-ਦੂਜਿਆਂ ਨੇ ਪਰਮੇਸ਼ੁਰ ਬਾਰੇ ਕੀ ਕਿਹਾ ਹੈ, ਅਸੀਂ ਤਜਰਬਿਆਂ, ਨਿਰੀਖਣਾਂ, ਪੜ੍ਹਨ, ਵਿਸ਼ਲੇਸ਼ਣਾਂ ਆਦਿ ਦੇ ਨਤੀਜੇ ਵਜੋਂ ਕੀ ਸਿੱਟਾ ਕੱਢਦੇ ਹਾਂ। ਪਰ ਇਹ ਸਾਰੇ ਸਹੀ ਨਹੀਂ ਹੋ ਸਕਦੇ!

ਸਾਡੇ ਪਿੱਛਲੇ ਤਜ਼ਰਬਿਆਂ ਦੇ ਅਧਾਰ ਤੇ, ਪਰਮੇਸ਼ੁਰ ਕੌਣ ਹੈ, ਉਹ ਕੀ ਕਰਦਾ ਹੈ ਅਤੇ ਉਹ ਕਿਵੇਂ ਕੰਮ ਕਰਦਾ ਹੈ ਬਾਰੇ ਆਪਨੇ ਬਹੁਤ ਸਾਰੇ ਪੱਖਪਾਤਾਂ, ਗ਼ਲਤ ਧਾਰਣਾਵਾਂ ਅਤੇ ਗ਼ਲਤ ਵਿਚਾਰਾਂ ਨੂੰ ਬਰਕਰਾਰ ਰੱਖਦੇ ਹਾਂ। ਇੱਥੋਂ ਤੱਕ ਕਿ ਕਈ ਵਾਰ ਜੋ ਅਸੀਂ ਧਾਰਮਿਕ ਸਥਾਨਾਂ ਵਿੱਚ ਸੁਣਿਆ ਹੁੰਦਾ ਹੈ, ਧਾਰਮਿਕ ਪੁਸਤਕਾਂ ਵਿੱਚ ਪੜ੍ਹਿਆ ਹੁੰਦਾ ਹੈ, ਉਹ ਸਾਡੇ ਸਾਹਮਣੇ ਪਰਮੇਸ਼ੁਰ ਨੂੰ ਗ਼ਲਤ ਢੰਗ ਨਾਲ ਪੇਸ਼ ਕਰ ਸਕਦਾ ਹੈ ਅਤੇ ਨਤੀਜੇ ਵਜੋਂ ਸਾਡੇ ਕੋਲ ਪਰਮੇਸ਼ੁਰ ਦੀ ਗ਼ਲਤ ਤਸਵੀਰ ਹੋ ਸਕਦੀ ਹੈ। ਬਹੁਤ ਵਾਰ, ਅਸੀਂ ਇਹ ਵੀ ਸੋਚਦੇ ਹਾਂ ਕਿ ਪਰਮੇਸ਼ੁਰ ਬੇਰਹਿਮ ਅਤੇ ਨਿਰਦਈ ਹੋ ਸਕਦਾ ਹੈ।

ਇਹ ਪੁਸਤਕ ਪਰਮੇਸ਼ੁਰ ਦੀ ਇੱਕ ਨਵੀਂ ਤਸਵੀਰ ਪੇਸ਼ ਕਰਦੀ ਹੈ, ਜੋ ਸਾਨੂੰ ਬਾਈਬਲ ਵਿੱਚੋਂ ਦਿਖਾਉਂਦੀ ਹੈ ਕਿ ਪਰਮੇਸ਼ੁਰ ਇੱਕ ਭਲਾ ਪਰਮੇਸ਼ੁਰ ਹੈ।

**All Peoples Church & World Outreach**
# 319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

Phone: +91-80-25452617
Email: contact@apcwo.org
Website: apcwo.org

ALL PEOPLES CHURCH